

WATNO DUR NOVEMBER 1977 50c

## SPECIALISTS IN:




- * INDIAN SUITS
- * SAREES, LEHNGAS
- * CAPES, HARS
- * AND OTHER INDIAN GOODS
- * JAPANESE PRINTS
- * PLAIN SAREES
- * SUITS
- * DRAPES

HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

# FRONTIER CLOTH HOUSE

## 6672 MAIN STREET VANCOUVER, B.C.

**Manager Vancouver Branch:**
**SUSHIL BATRA**

**Phones:** **Bus. 325-4424**
**Res. 324-5156**

---

**FOR**

**LIFE INSURANCE**

**EDUCATION PLAN**

**MORTGAGE PLAN**

**Retirement registered Saving Plan**
**and all other kinds of insurance**

**Contact**

# DALJIT SANDHU

ਤੇ

## National Life of Canada

**Suite. 501, 1155—West Pender Street**
**Vancouver, B.C. Phone: 685-7231**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਯੋਗ
ਅਤੇ ਤਜਰਬੇਕਾਰ ਸਹਾਇਕ:-

## ਦਲਜੀਤ ਸੰਧੂ



**OFFICE:**
**685-7231**

**RESIDENCE:**
**278-0491**

**BOMBAY GROCERY STORE**

**3950 MAIN STREET, VANCOUVER**
**874-3711**

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



**Bombay Curry Restaurant**

*Licensed Premises*

**3934 MAIN STREET, (23rd Ave.)**
**VANCOUVER**
**874-5722**

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

**SPECIAL DEWALI SALE**
**NOV. 10–NOV. 25**

QUALITY FOOD

LOW PRICES

FRIENDLY SERVICE

*A DIVISION OF*

# SHUKLA ENTERPRISES LTD.

CONTACT NARESH SHUKLA & BROS.

**Res. Phone: 874-4501**

# Bear Auto Body Company Ltd.

*Specialists in Collision Repairs and Painting*

**7 Years In Business**

***New Location***

**1606 Clark Dr., Vancouver**

**Business 251-1944**
**Residence 872-8101**
**Anytime—7 Days A Week**

I.C.B.C. WORK GREAT DISCOUNTS
RESIDENTIAL WINDOWS
SPECIAL DISCOUNT ON WINDSHIELD REPLACEMENT
WHOLESALE PRICE FOR ANY PART PURCHASED
FREE ESTIMATE AT YOUR HOME
FREE COURTESY CARS

ਜੇ ਕੋਈ damage ਨਾ ਹੋਵੇ ਤਾਂ paint job ਉਸੇ ਦਿਨ ਦੇ ਸਕਦੇ ਹਾਂ!
ਗੱਲਬਾਤ ਪੰਜਾਬੀ ਵਿੱਚ ਵੀ ਕੀਤੀ ਜਾ ਸਕਦੀ ਹੈ!

**251-1944 ਜੋਗਿੰਦਰ ਸਿੰਘ ਅਟਵਾਲ 872-8101**

---

# BAINS

## INTERNATIONAL TRAVEL SERVICE

*We are appointed agents for all major airlines such as British Airways, Air India, Air Canada, Air France, Swiss Air, Pan American, TWA, Japan Airlines, CP Air, Northwest Orient, KLM, Lufthansa, Quantas, SAS — List is endless.*

*ENQUIRE FOR OTHER SPECIAL FARES: AFFINITY GROUPS, EXCURSIONS, CHARTERS — LONDON, HONG KONG, SINGAPORE, FIJI OR ANY OTHER PART OF THE WORLD.*

**REMEMBER ... ONE CALL DOES IT ALL!!!**

*By Being IATA member we can issue your ticket for any airline while you wait.*

## 3 LOCATIONS TO SERVE YOU

**6364 FRASER STREET,**
**VANCOUVER, B.C.**
**TEL: 324-2277**

**CAPILANO MALL**
**935 MARINE DRIVE**
**NORTH VANCOUVER, B.C.**
**TEL: 980-0351**

**1710 DOUGLAS STREET**
**VICTORIA, B.C.**
**TEL: 386-6363**

# WATNO DŪR

**14768 HALSTEAD PLACE**
**SURREY, B.C., V3R 6S5**

VOL. 5, NO. 53, NOVEMBER, 77
**2nd Class Mail Reg. No. 3233**

**ANNUAL SUBSCRIPTION:**

| | | |
|---|---|---|
| CANADA-U.S.A. | | $5.00 |
| OTHER | SEA | $5.00 |
| COUNTRIES | AIR | $8.00 |



**EDITORIAL BOARD:**
Surinder Dhanjal
Ajmer Rodey, 438-7793
Amarjit Chahal, 892-3085

**EDITOR:**
Sadhu, 437-9014

**ADVERTISING EDITORS:**
Rupinder Azad M.A., 430-1924
Karamjit Ghuman, 324-0147

**PUBLISHER:**
Tara Singh Hayer, 584-3714

**CIRCULATION BOARD:**
Iqbal Ramuwalia, Toronto (741-7538)
*Sarwan Boal, Montreal (679-8132)*
Latt Bhinder, Edmonton (462-6431)
Gurcharan Tallewalia, Richmond (271-4742)
K. S. Chaman, Calgary (248-2841)
Dave Jatana, Fort Nelson (774-2219)
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Jasbir Chahal, Victoria (385-4996)

*All officeholders and members of WATNO DUR ADMINISTRATION BOARD past and present have been and are honorary associates of WATNO DUR.*

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।


# ਇਸ ਅੰਕ ਵਿਚ

## ਕਵਿਤਾ


ਇਕਬਾਲ ਰਾਮੂਵਾਲੀਆ 6
ਲਾਟ ਭਿੰਡਰ 6
ਸੁਖਿੰਦਰ 7
ਗਿੱਲ ਮੋਰਾਂਵਾਲੀ 7
ਦਰਸ਼ਨ ਗਿੱਲ 7
ਅੰਮ੍ਰਿਤ ਸਹਿਰਾ 8
ਪਾਬਲੋ ਨੈਰੂਦਾ 9


## ਸਥਾਈ ਕਾਲਮ


ਆਪਣੇ ਲੋਕ 11
ਦਰਪਣ 13
ਇੰਝ ਵੀ ਹੁੰਦਾ ਹੈ 33


## ਕਹਾਣੀਆਂ


ਸਾਧੂ 14
ਵਿਲੀਅਮ ਪੌਮਰਾਏ 22
ਦਲਬੀਰ ਚੇਤਨ 29


## ਲੇਖ


ਉੱਜਲ ਦੋਸਾਂਝ 10
—— —— 16
—— —— 35


## ਰਿਪੋਰਟ


ਰਣਜੀਤ ਧੀਰ 32

## ਆਹ ਲੈ ਪੁਰਾਣੀ ਢਾਲ

**ਇਕਬਾਲ ਰਾਮੂਵਾਲੀਆ**

ਆਹ ਲੈ ਪੁਰਾਣੀ ਢਾਲ, ਫੜਕੇ ਸਾਂਭ ਦੇਹ !
ਵਾਰ ਹੁਣ ਤਲਵਾਰ ਦਾ ਨਹੀਂ ਹੋਣਾ—
ਉਂਝ ਮੇਰੇ ਕਤਲ ਲਈ ਤਾਂ ਹੁਣ ਇਕ ਨਾਅਰਾ ਹੀ ਕਾਫੀ ਹੈ-
ਜਿਹੜਾ ਛੱਡਿਆ ਜਾਵੇਗਾ-ਸਿਰਾਂ ਦੀ ਅਹਿਰਨ ਉੱਤੇ
ਤੇ ਰੇਤਿਆ ਜਾਵੇਗਾ ਦਿਲਾਂ ਦੀ ਪਥਰੀ ਉਤੇ
ਤੂੰ ਐਵੇਂ ਪਸ਼ੇਮਾਨ ਨਾ ਹੋ—
ਉਹਨਾਂ ਕਤੂਰਿਆਂ ਦੀ ਚੌਂਕਵੀਂ ਉਤੇ
ਮੇਰੀ ਵੀ ਧਾਹ ਨਿਕਲਦੀ ਹੈ
ਜਿਹੜੇ ਰਾਤ ਭਰ ਭੌਂਕਦੇ ਹੀ ਬੁਢੇ ਹੋ ਗਏ—
ਤੇ ਘਰਾਂ ਦੇ ਟੁੱਟੇ ਦਰਵਾਜ਼ੇ ਸਾਰੀ ਰਾਤ ਬੁੜ ਬੁੜਾਂਦੇ ਹੇ
ਕਿ ਚੰਦਰੀ ਕੁਤੀਹੜ ਦੋ ਘਣੀ ਸੌਣ ਨਹੀਂ ਦੇਂਦੀ
ਦੇਖ ! ਪਿੰਡ ਦੀਆਂ ਸਥਾਂ ਵਿਚ ਅਜੇ ਵੀ
ਬੰਗੀਆਂ ਬਾਦਸ਼ਾਹਾਂ ਦਾ ਹੁਕਮ ਚੱਲਦਾ ਹੈ
ਤੇ ਜਰਦੇ ਨੇ ਚਰ ਲਿਆ ਹੈ
ਬੂੱਟਾਂ ਅਤੇ ਦੰਦਾਂ ਵਿਚਕਾਰਲਾ ਨਿੱਘਾ ਜਿਹਾ ਰਿਸ਼ਤਾ !
ਕੰਮੀਆਂ ਅਤੇ ਕਿਸਾਨਾਂ ਵਿਚਾਲੇ ਵਿਛ ਚਲੀ ਹੈ
ਪੈਰਾਂ 'ਚ ਫਟੀਆਂ ਮੀਲਾਂ ਚੌੜੀਆਂ ਬਿਆਈਆਂ ਦੀ ਦਲਦਲ !
ਖੇਤਾਂ ਦੀ ਸੁਗੰਧੀ 'ਚ ਖਿਲਰਦੀ ਜਾਂਦੀ ਹੈ
ਘਟੀਆ ਸਿਗਰਟਾਂ ਦੀ ਬਦਬੂਦਾਰ ਕੁੜੱਤਣ !
ਬੜੇ ਹੀ ਸਿਰੜ ਦਾ ਕੰਮ ਹੈ
ਸੜਕ ਉਤੇ ਭੰਨੀਆਂ
ਠੇਕੇ ਦੀ ਵਿਹੁ ਦੀਆਂ ਬੋਤਲਾਂ ਉਤੋਂ ਨੰਗੇ ਪੈਰੀਂ ਤੁਰਨਾ—
ਚੱਲ ਤੁਰ ! ਜੇ ਫੜਦਾ ਹੈ ਦਿਲ ਦਲੇਰੀ—
ਕੱਚ ਦੀਆਂ ਕੰਕਰਾਂ ਨੂੰ ਦੀਦਿਆਂ ਦੀਆਂ ਪੁਤਲੀਆਂ
ਨਾਲ ਚੁਗਲੇ—
ਯਖ ਮੌਸਮ 'ਚ ਸਿਰਫ ਦੰਦਾਂ ਦੀ ਕਿਰਚਵੀ
ਕਿੰਝ ਖੋਹਲੇਗੀ ਠਰੇ ਲਹੂ ਦੀ ਗੰਢ ?
ਜੇ ਤੈਰਨ ਦਾ ਸ਼ੌਕ ਹੈ
ਚੱਲ ਤੇਜ਼ਾਬ ਦੇ ਸਮੁੰਦਰ ਦਾ ਥੱਲਾ ਮਾਪੀਏ—
ਉੱਡਣ ਵਾਸਤੇ
ਆਕਾਸ਼ ਤਾਂ ਬਹੁਤ ਭੀੜਾ ਹੈ ਮੇਰੇ ਦੋਸਤ !
ਬਹੁਤ ਵਿਸ਼ਾਲ ਹੋ ਸਕਦੈ
ਆਪਣੇ ਹੀ ਅੰਦਰ ਸੁਲਘਦੇ ਜੰਗਲ ਦਾ ਘੇਰਾ
ਆਹ ਲੈ ਪੁਰਾਣੀ ਢਾਲ—ਫੜ ਕੇ ਸਾਂਭ ਦੇਹ !!
(Toronto, Ontario)

## ਚਾਨਣ ਦਾ ਭੇਤ

**ਲਾਟ ਭਿੰਡਰ**

ਇਹ ਕਿਹੋ ਜਿਹੀ ਰਾਤ ਏ—
ਕਾਲੀ ਸ਼ਾਹ, ਠਰੂੰ ਠਰੂੰ ਕਰਦੀ,
ਘੁੱਪ ਹਨੇਰਾ
ਟਾਵਾਂ ਟਾਵਾਂ ਤਾਰਾ ਦਿਸਦਾ ਏ !
ਉਚੇ ਪੁਲ ਦੀ ਇੱਕ ਨੁਕਰੇ
ਇਕ ਬੁਢੜੀ, ਪਾਲੇ 'ਚ ਕੰਬਦੀ
ਪਾਟਾ ਹੋਇਆ ਕੰਬਲ ਉਤੇ ਲਈ
ਸਵਰ ਹੋਣ ਦੀ ਉਡੀਕ ਕਰਦੀ ਏ
ਪਤਾ ਨਹੀਂ ਕਿੰਨੀ ਕੁ ਰਾਤ ਲੰਘੀ ਏ ?
ਕਿੰਨੀ ਕੁ ਬਾਕੀ ਏ ?
ਇਸੇ ਪੁਲ ਦੀ ਦੂਜੀ ਨੁਕਰੇ
ਇਕ ਕਾਰ ਆ ਖਲੋਤੀ ਏ
ਉਹਦੇ 'ਚੋਂ ਬੜੀ ਹੀ ਬਦਬੋ ਔਂਦੀ ਹੈ
ਇੱਕ ਜਵਾਨ ਮੰਗਤੀ
ਠੰਢ ਨਾਲ ਕੁੰਗੜੀ ਬੈਠੀ ਏ
ਅੱਜ ਹੀ ਇਹਨੇ ਇੱਕ ਬਾਬੂ ਕੋਲੋਂ
ਇੱਕ ਪੈਸੇ ਦੀ ਖੈਰ ਮੰਗੀ ਸੀ
ਸ਼ਾਇਦ ਉਹੀ ਬਾਬੂ ਹੁਣ ਕਾਰ ਤੇ
ਖੈਰ ਦੇਣ ਆਇਆ ਹੋਵੇ !
ਕਾਰ ਚਲੀ ਗਈ ਏ
ਮੰਗਤੀ ਵੀ ਚਲੀ ਗਈ ਏ
ਕਾਰ ਇੱਕ ਬੰਗਲੇ ਅਗੇ ਜਾ ਰੁਕੀ ਏ !
ਬੰਗਲੇ ਦੇ ਬਾਹਰ ਬਹੁਤ ਠੰਢ ਹੈ
ਪਰ ਇਹਦੇ ਅੰਦਰ ਠੰਢ ਨਹੀਂ ਹੈ !
ਅੱਜ ਰਾਤ ਕਿੰਨੀ ਲੰਮੀ ਹੋ ਗਈ ਏ
ਸਵੇਰੇ ਹੀ ਨਹੀਂ ਚੜ੍ਹਨ 'ਚ ਆਉਂਦੀ
ਸਵੇਰ ਨੂੰ ਤੇ
ਬੰਗਲਿਆਂ ਨੇ ਕੈਦ ਕੀਤਾ ਹੋਇਆ ਏ
ਇਸੇ ਲਈ ਤੇ ਰਾਤ ਮੁਕਣ 'ਚ ਨਹੀਂ ਆਉਂਦੀ
ਅਸੀਂ ਜ਼ਿਆਦਾ ਦੇਰ
ਹਨੇਰਿਆਂ 'ਚ ਨਹੀਂ ਰਹਿ ਸਕਦੇ
ਅਸਾਂ ਆਪਣੀ ਸਵੇਰ ਨੂੰ
ਇਹਨਾਂ ਬੰਗਲਿਆਂ 'ਚੋਂ
ਆਜ਼ਾਦ ਕਰਾਉਣਾ ਏ
ਜਾਂ ਫਿਰ ਅਸਾਂ ਆਪਣੀ ਸਵੇਰ ਲਈ
ਇਕ ਸੂਰਜ ਹੋਰ ਬਨਾਉਣਾ ਏਂ !
(Edmonton, Alberta)

## ਆਦਿਵਾਸੀ

**ਸੁਖਿੰਦਰ**

ਮਾਫ਼ ਕਰਨਾ ! ਭਰੀ ਮਹਿਫਲ 'ਚ
ਜੇਕਰ ਡੁੱਬਦੇ ਸੂਰਜ ਦਾ ਚਰਚਾ
ਛੇੜ ਦੇਵਾਂ, ਤਾਂ ਕੈਸਾ ਰਹੇਗਾ—
ਉਂਜ ਤਾਂ ਮੈਂ ਜਾਣਦਾ ਹਾਂ
ਕੀ ਕਹੋਗੇ ; ਇਸ ਆਦਿਵਾਸੀ ਨੂੰ
ਜ਼ਰਾ ਵੀ ਖੌਫ ਨਹੀਂ ਆਉਂਦਾ
ਅੱਖਾਂ 'ਚ ਜਗਦੇ ਤਾਰਿਆਂ ਦੇ ਪ੍ਰਛਾਵੇਂ ਲਈ
ਸਮੁੰਦਰ 'ਚ ਲਹਿਰਾਂ ਨਾਲ ਲੜਦੇ
ਮਲਾਹਾਂ ਦਾ ਜ਼ਿਕਰ, ਮੁੜ ਮੁੜ
ਪਿਆ ਛੇੜਦਾ ਹੈ

ਕੀ ਲੈਣਾ ਹੈ ਇਸ
ਟੁੱਟਦੇ ਤਾਰਿਆਂ ਤੋਂ

ਜੰਗਲ 'ਚ ਕਿਸਨੂੰ ਵਿਹਲ ਹੈ
ਪਲ ਰੁਕਣ ਦੀ
ਕਿਸ ਨੂੰ ਅਪਣੇ ਸਾਹਾਂ ਦਾ ਯਕੀਨ

ਬੂੰਦ ਭਰ ਪਾਣੀ ਲਈ
ਸਭ ਸਹਿਕਦੇ

ਫੇਰ ਵੀ ਜਦ
ਕਲ੍ਹ ਉਨ੍ਹਾਬੀ ਹੋਠਾਂ ਤੇ
ਮੁਸਕਰਾਹਟ ਫੈਲਣੀ ਹੈ

ਮੈਂ ਇਸਨੂੰ ਗੁਲਾਬ ਦੀ ਪਤੀ
ਜਾਂ ਸੂਰਜਮੁਖੀ ਹਰਗਿਜ਼ ਨਹੀਂ ਕਹਿਣ
ਸਗੋਂ ਆਂਗਣ 'ਚ ਜਗਦਾ

ਬਲਬ ਬੁਝਾ ਕੇ
ਚੀਖ਼ਣਾ ਹੈ । ਰਹਿਣ ਦੇਵੋ
ਬਹੁਤ ਹੋ ਚੁੱਕੇ ਨੇ ਖੇਖਣ
ਅੱਗ ਲਾਉਂਦਾ ਹਾਂ ਤੁਹਾਡੇ
ਕਿਤਾਬੀ ਫਲਸਫੇ ਨੂੰ

ਕਲ੍ਹ ਜਦ ਮੇਰਿਆਂ ਪੈਰਾਂ 'ਚ ਸੰਗਲ ਛਣਕਦੇ ਸਨ
ਓਦੋਂ ਵੀ ਮੈਂ ਆਦਮੀ ਸਾਂ
ਕਲ੍ਹ ਜਦ, ਬਾਜ਼ਾਰ ਵਿਚ ਨੀਲਾਮ ਹੋਇਆ
ਓਦੋਂ ਵੀ ਮੈਂ ਆਦਮੀ ਸਾਂ
ਓਦੋਂ ਵੀ ਤਾਂ ਹੋਠ ਮੇਰੇ
ਇੰਜ ਹੀ ਪਏ ਫਰਕਦੇ ਸਨ

ਸੂਰਜ ਕਦ ਤਕ
ਬਰਫ ਹੇਠਾਂ ਰਹਿ ਸਕੇਗਾ
ਅਜ ਵੀ ਹੈ ਹੋਂਦ ਮੇਰੀ
ਬਘਿਆੜਾਂ ਦੇ ਵੱਸ

ਕਲ ਸ਼ਗਨਾਂ ਨਾਲ ਅਸਾਂ
ਰੱਬ ਨੂੰ ਵਿਦਿਆ ਸੀ ਕੀਤਾ

ਅਜ ਆਪਣੇ ਮੋਢਿਆਂ ਤੇ
ਆਪਣੀ ਹੀ ਲਾਸ਼ ਹੈ

ਪੂਰਬ ਲਾਲ ਹੈ ਜਾਂ ਪੱਛਮ ਦੂਧੀਆ
ਬੰਦ ਕਮਰੇ 'ਚ ਪੰਛੀ
ਅਜੇ ਵੀ ਤੜਫਦਾ ਹੈ

ਸੱਜਰੀ ਪੌਣ ਦਾ ਬੁਲ੍ਹਾ
ਮੇਰੇ ਬਦਨ ਨੂੰ ਛੁਹ ਗਿਆ ਹੈ
...     ...     ...
...     ...     ...?
ਆਮੀਨ ।

(Toronto, Ontario)

## ਗ਼ਜ਼ਲ

**ਗਿੱਲ ਮੋਰਾਂਵਾਲੀ**

ਦਿਲ ਦੀ ਮੈਂ ਗਲ ਨੂੰ
ਹੁਣ ਛੁਪਾਵਾਂ ਕਿਸ ਤਰਾਂ ?
ਨਾਮ ਤੇਰਾ ਦੋਸਤਾ
ਭੁਲਾਵਾਂ ਕਿਸ ਤਰਾਂ ?

ਸਾਮਣੇ ਪਈ ਇਹੋ
ਦਿਸਦੀ ਖਾਮੋਸ਼ ਹੈ—
ਤਸਵੀਰ ਤੇਰੀ ਨੂੰ
ਮੈਂ ਬੁਲਾਵਾਂ ਕਿਸ ਤਰਾਂ ?
ਇਨਸਾਨ ਨੂੰ ਜੇ ਨਹੀਂ
ਇਨਸਾਨ ਦਾ ਦਰਦ—
ਪੱਥਰ ਦੇ ਬੁਤ ਨੂੰ
ਮੈਂ ਸੁਣਾਵਾਂ ਕਿਸ ਤਰਾਂ ?

ਜਿਧਰ ਨਹੀਂ ਹੈ
ਤੇਰਾ ਜਾਣਾ ਕਦੇ ਵੀ—
ਅਖੀਆਂ ਨੂੰ ਉਧਰ
ਮੈਂ ਵਿਛਾਵਾਂ ਕਿਸ ਤਰਾਂ ?

ਇਹ ਹੀ ਤਾਂ ਹੁਣ
ਨਿਸ਼ਾਨੀ ਹੈ ਮੁਹੱਬਤ ਦੀ—
ਜ਼ਖਮ ਅਪਣੇ ਦੋਸਤਾ
ਹਟਾਵਾਂ ਕਿਸ ਤਰਾਂ ?

## ਬੋਲ ਅਬੋਲ

**ਦਰਸ਼ਨ ਗਿੱਲ**

ਕਈ ਵਾਰ ਚੁੱਪ ਵੀ,
ਤੁਹਾਡਾ ਗਲਾ ਰੋਂਦਦੀ ਹੈ !

ਰੀਂਗਦੇ ਰੀਂਗਦੇ
ਤੁਹਾਡੇ ਬੋਲ,
ਤੁਹਾਡੇ ਆਪੇ ਤੱਕ ਨਹੀਂ ਅੱਪੜਦੇ !

ਤੁਸੀਂ ਬੋਲਾਂ ਨੂੰ
ਇੰਝ ਦੁਰਕਾਰਦੇ ਹੋ—
ਜਿਵੇਂ
ਤੁਸੀਂ ਨਹੀਂ
ਕੋਈ ਮੋਨ ਅਵਸਥਾ ਦਾ ਸ਼ਕੂਨ,
ਤੁਹਾਡੇ ਤੱਕ
ਪਹੁੰਚਣ ਤੋਂ ਪਹਿਲਾਂ
ਦਮ ਤੋੜ ਰਿਹਾ ਹੋਵੇ !

ਇਹ ਚੁੱਪ ਅਤੇ ਮੋਨ
ਇੰਝ ਮਨ 'ਚ ਗੁਜ਼ਰਦੇ ਹਨ—
ਜਿਵੇਂ
ਕੋਈ ਤਲਖ਼ ਘਟਨਾ ਨੂੰ
'ਸਬਰ-ਸਬੂਰੀਂ ਲੇਖੇ' ਕਹਿ ਕੇ—
ਅਬੋਲ ਬੋਲਾਂ ਨੂੰ
ਬੋਲ ਦੇ ਰਿਹਾ ਹੋਵੇ !

(Terrace, B.C.)

# ਮਾਂ

—ਅੰਮ੍ਰਿਤ ਸਹਿਰਾ

ਮਾਂ,
ਮੈਂ ਤੇਰਾ ਜਾਇਆ
ਤੇਰੀ ਕੁੱਖੋਂ ਪੈਦਾ ਹੋਇਆ
ਤੇਰਾ ਪਵਿੱਤਰ ਤੇ ਅਣਖੀਲਾ ਦੁੱਧ ਪੀਤਾ।
ਆਪਣੇ ਲਾਡਾਂ ਦੀਆਂ ਛਾਵਾਂ 'ਚ
ਤੂੰ ਮੈਨੂੰ ਜਵਾਨ ਕੀਤਾ।
ਸਰਦਾਰਾਂ ਦੇ ਭਾਂਡੇ ਮਾਂਜ
ਤੂੰ ਮੈਨੂੰ ਸਕੂਲ ਭੇਜ ਦਿੱਤਾ।
ਮੈਂ ਹਰ ਸਾਲ ਅਗਲੀ ਜਮਾਤ
ਚੜ੍ਹਦਾ ਗਿਆ
ਤੇ ਨਾਲ ਹੀ ਨਾਲ
ਤੇਰੇ ਚਾਵਾਂ ਦਾ ਗੁਲਾਲ ਫਲਦਾ ਗਿਆ।
ਤੇ ਮੇਰੀ ਪੜ੍ਹਾਈ ਲਈ ਚੁੱਕੇ
ਕਰਜ਼ੇ ਦਾ ਅੰਕੜਾ, ਸੇਠ ਦੀ ਵਹੀ 'ਚ
ਜੋਗਣ ਦੀ ਅੱਗ ਵਾਂਗ ਵਧਦਾ ਗਿਆ।
ਤੇਰੇ ਚਿਹਰੇ ਤੇ ਫਿਰ ਵੀ
ਡਾਢਾ ਸਕੂਨ ਸੀ
ਕਿਉਂਕਿ ਤੈਨੂੰ ਆਪਣੇ ਇਕੋ ਹੀ
ਲਾਡਾਂ ਨਾਲ ਪਾਲੇ ਤੇ ਪੜ੍ਹ ਕੇ ਜਵਾਨ
ਹੋ ਰਹੇ ਪੁੱਤ ਦਾ ਜਨੂੰਨ ਸੀ।
ਮਾਂ,
ਤੂੰ ਸਮਝਦੀ ਸੀ।
ਕਿ ਮੈਂ ਪੜ੍ਹ ਲਿਖ ਕੇ ਅਫਸਰ ਬਣਾਂਗਾ
ਤੇ ਸੇਠ ਦਾ ਸਾਰਾ ਕਰਜ਼ਾ ਲਾਹ ਕੇ
ਤੇਰੀ ਸੇਵਾ ਕਰਾਂਗਾ।
ਮੈਂ ਫਿਰ ਬੱਸ
ਤੇਰੇ ਲਈ ਹੀ ਜੀਵਾਂਗਾ
ਤੇਰੇ ਲਈ ਹੀ ਮਰਾਂਗਾ।
ਮਾਂ,
ਮੈਨੂੰ ਯਾਦ ਹੈ ਤੇਰੀ ਮਮਤਾ
ਜਦੋਂ ਇੰਟਰਵਿਊ ਤੋਂ ਰੀਜੈਕਟ ਹੋਣ ਤੋਂ ਬਾਦ
ਮੈਂ ਘਰ ਪਰਤਦਾ ਸਾਂ
ਤੇ ਮੈਂ ਸਾਰੇ ਘਰ 'ਚ
ਇਕ ਉਦਾਸੀ ਤੇ ਖ਼ਾਮੋਸ਼ੀ ਜਿਹੀ ਵਰਤਦਾ ਸਾਂ।
ਤੂੰ ਮਾਂ ਫਿਰ ਵੀ ਆਪਣੇ ਲਾਲ ਨੂੰ
ਸਵਰਗੋਂ ਨਿੱਘੀ ਗੋਦ 'ਚ ਲੈ
ਪਿਆਰ ਕਰਦੀ ਸੀ,
ਮੇਰੇ ਤੇ ਮੌਤ ਵਰਗੀ ਆਈ
ਹਰ ਮੁਸੀਬਤ ਨੂੰ ਤੂੰ
ਆਪਣੇ ਦਿਲ ਤੇ ਜਰਦੀ ਸੀ।
ਮਾਂ,
ਹੁਣ ਤੇ ਮੈਂ ਵੀ ਅਕਲੋਂ ਜਵਾਨ ਸੀ
ਕੀ ਤੇਰੇ ਚਿਹਰੇ ਦੇ ਉੱਪਰੇ ਹਾਸੇ 'ਚ
ਰਲੀ ਅਟੁੱਟ ਉਦਾਸੀ ਤੋਂ ਅਣਜਾਣ ਸੀ।
ਮੇਰੇ ਨੌਕਰੀ ਲਈ ਖਾਧੇ ਧੱਕੇ
ਤੇਰੇ ਚਿਹਰੇ ਤੇ ਹੁਣ ਤਾਂ
ਝੁਰੜੀਆਂ ਬਣ ਕੇ ਛਿੜ ਰਹੇ ਸਨ
ਤੇ ਮੈਨੂੰ ਇਨ੍ਹਾਂ ਝੁਰੜੀਆਂ ਦਾ
ਕਾਰਣ ਲੱਭਣ ਲਈ ਉਕਸਾ ਰਹੇ ਸਨ।
ਤੇ ਬਾਪੂ ਦੀ ਕੁੱਬੀ ਹੋਈ ਜਾ ਰਹੀ ਧੌਣ 'ਚ
ਨਿੱਤ ਨਵੇਂ ਬਣਦੇ ਕੱਣ
ਮੈਨੂੰ ਦਿਨ-ਬ-ਦਿਨ ਤੜਪਾ ਰਹੇ ਸਨ।
ਤੇ ਮਾਂ, ਤੇਰਾ ਜਾਇਆ
ਇਸ ਦਰਦ ਨੂੰ
ਅੱਖੋਂ ਉਹਲੇ ਨਾ ਕਰ ਸਕਿਆ।
ਕੀ ਹੋਇਆ ਜੇ ਹੁਣ ਤੱਕ
ਮੈਂ ਤੇਰੇ ਲਈ ਨਾ ਜੀ ਸਕਿਆ
ਨਾ ਮਰ ਸਕਿਆ।
ਮਾਂ,
ਬਾਪੂ ਤਾਂ ਕਹਿੰਦਾ ਸੀ
ਐਤਕੀਂ ਛੇ ਹਜ਼ਾਰ ਦਾ ਨਰਮਾ ਹੋਵੇਗਾ
ਤੇ ਸੇਠ ਦਾ ਅੱਧ-ਪੱਚਧ ਹੀ ਮੁਕਾਵਾਂਗਾ।
ਆਪ ਤਾਂ ਰੋਜ਼ ਵਾਂਗ ਭੁੱਖਾ ਹੀ ਸੌਂ ਜਾਵਾਂਗਾ।
ਮਾਂ,
ਬਾਪੂ ਦਾ ਖ਼ੂਨ
ਸਿਆਹੀ ਬਣ ਬਣ
ਸੇਠ ਦੀ ਵਹੀ 'ਚ ਕਿਉਂ
ਵੜਦਾ ਜਾਂਦਾ ਹੈ
ਤੇ ਸੇਠ ਤਾਂ ਸਾਡੇ ਕਰਜ਼ੇ ਦੀ ਪੂਛ ਵਾਂਗ
ਸਿਰ ਨੂੰ ਚੜ੍ਹਦਾ ਜਾਂਦਾ ਹੈ।
ਮਾਂ, ਸੇਠ ਦਾ ਕੁੱਤਾ
ਮੀਟ ਨੂੰ ਚੁਣ ਚੁਣ ਕੇ ਖਾਂਦਾ ਹੈ
ਤੇ ਅਸੀਂ ਤਾਂ ਰੋਟੀ ਵੀ ਸੁੱਕੀ ਹੀ ਖਾਦੇ ਹਾਂ
ਸੇਠ ਦੇ ਇਹ ਨਰਮ ਗਲੀਚੇ ਕਿੱਥੋਂ ?
ਅਸੀਂ ਤਾਂ ਰੋਜ਼ ਭੁੰਜੇ ਹੀ
ਸਬਰ ਵਾਂਗ ਸੌਂ ਜਾਂਦੇ ਹਾਂ।
ਮਾਂ, ਇਹ ਸਭ ਕਿਉਂ ?
ਇਹ ਬੇ-ਇਨਸਾਫ਼ੀ ਕਿਉਂ ?
ਮਨੁੱਖ ਰਾਹੀਂ ਮਨੁੱਖ ਦੀ ਲੁੱਟ ਕਿਉਂ ?
ਮੈਂ ਕੱਲ੍ਹ ਸ਼ਾਮੀਂ ਆਪਣੇ ਗੁਆਂਢੀ
'ਜੀਤੇ' ਨੂੰ ਦੇਖਿਆ
ਕਿ ਪੁਲਸ ਉਸ ਨੂੰ ਧੂਹੀ ਲਿਜਾ ਰਹੀ ਸੀ
ਜੀਤਾ 'ਇਨਕਲਾਬ-ਜ਼ਿੰਦਾਬਾਦ'
'ਲੋਟੂ ਟੋਲਾ—ਮੁਰਦਾਬਾਦ' ਦੇ
ਨਾਹਰੇ ਲਾ ਰਿਹਾ ਸੀ
ਅੱਗੇ ਬਾਜ਼ਾਰ ਦੇ ਚੌਂਕ 'ਚ
ਕੋਈ ਲੈਕਚਰ ਸੁਣਾ ਰਿਹਾ ਸੀ।
ਕਿ ਜੀਤਾ ਤਾਂ ਨਿਰਦੋਸ਼ ਹੈ
ਉਹ ਤਾਂ ਲੋਕਾਂ ਦਾ ਸੇਵਕ ਹੈ
ਉਸ ਦਾ ਤਾਂ ਕਸੂਰ ਇਹੀ ਹੈ
ਕਿ ਉਸ ਨੇ ਸੇਠ ਤੋਂ
ਹਜ਼ਾਰਾਂ ਬਾਪੂਆਂ ਦੇ ਨਰਮੇ 'ਚ ਡੁੱਲ੍ਹੇ
ਖ਼ੂਨ ਦਾ ਹਿਸਾਬ ਮੰਗਿਆ ਸੀ
ਕਿ ਉਸ ਨੇ ਭਗਤ ਸਿੰਘ ਵਾਂਗੂ
ਫਾਂਸੀ ਸਾਮਰਾਜ ਨੂੰ ਡੰਗਿਆ ਸੀ।
ਤੇ ਮਾਂ, ਹੁਣ ਰਾਤ ਪੈ ਗਈ ਹੈ
ਤੂੰ ਸੌਂ ਜਾ,
ਚੱਲ, ਕੋਈ ਹੋਰ ਨਹੀਂ ਤਾਂ
ਸੌਣ ਦੀ ਹਸਰਤ ਹੀ ਪੂਰੀ ਕਰ ਲੈ।
ਤੇ ਮਾਂ, ਆਹ ਦਰਵਾਜ਼ਾ ਖੜਕਿਆ ਹੈ
ਹੈਂ, ਮਾਂ, ਇਹ ਤਾਂ ਪੁਲਸ ਹੈ।
ਸ਼ਾਇਦ ਮਾਂ ਤੂੰ ਸੋਚਿਆ ਹੋਣੈ
ਕਿ ਕੋਈ ਤੇਰੇ ਪੁੱਤ ਨੂੰ
ਪੱਕੀ ਨੌਕਰੀ ਦੇਣ ਆਇਆ।
ਪੁਲਸ ਨੇ ਮੈਨੂੰ ਆ ਜੱਫਾ ਪਾਇਆ
ਤੇ ਹੱਥਕੜੀ ਲਾ ਪੁਲਸ ਸਟੇਸ਼ਨ ਵੱਲ ਭਜਾਇਆ।
ਮਾਂ,
ਤੇਰੀਆਂ ਅੱਖਾਂ 'ਚ ਕੋਈ
ਪ੍ਰਸ਼ਨ—ਚਿੰਨ੍ਹ ਤਰਦਾ ਦੇਖਿਆ
ਜਿਵੇਂ ਤੂੰ ਪੁੱਛ ਰਹੀ ਹੋਵੇਂ
ਕਿ ਤੂੰ ਕਿਹੜਾ ਜ਼ੁਲਮ ਕੀਤਾ ਹੈ
ਕਿਉਂ ਤੈਨੂੰ ਪਲਸ ਨੇ ਆ ਫਾਹ ਲੀਤਾ ਹੈ।
ਬੱਸ ਮਾਂ,
ਮੈਂ ਵੀ ਆਪਣੇ ਬਾਪੂ ਦੇ ਨਰਮੇ ਨੂੰ
ਸੇਠ ਦੀ ਵਹੀ 'ਚੋਂ ਲੱਭਣ ਗਿਆ ਸੀ,
ਤੇ ਮਾਂ, ਤੇਰੀ ਸਦੀਆਂ ਤੋਂ ਗੁਆਚੀ
ਖ਼ੁਸ਼ੀ ਨੂੰ
ਸਰਦਾਰਾਂ ਦੇ ਮਾਂਜੇ ਭਾਂਡਿਆਂ 'ਚੋਂ
ਕੱਢਣ ਗਿਆ ਸੀ
ਤੇ ਮੈਂ ਵੀ ਸਰਾਭੇ ਦੇ ਸੁਪਨੇ ਨੂੰ

ਲੋਕ—ਸ਼ਫ਼ਾਂ 'ਚ ਹਵਾ ਵਾਂਗ
ਛੱਡਣ ਗਿਆ ਸੀ।
ਮਾਂ, ਮੈਂ ਤਾਂ
ਸਿਰਫ਼ ਇਹੀ ਕੀਤਾ ਹੈ
ਇਹ ਵੀ ਸ਼ਾਇਦ ਏਸੇ ਕਰਕੇ ਹੈ
ਕਿ ਮੈਂ ਤੇਰੇ ਵਰਗੀ ਮਹਾਨ ਮਾਂ ਦਾ
ਦੁੱਧ ਪੀਤਾ ਹੈ।
ਅੱਜ ਮੈਂ ਹਜ਼ਾਰਾਂ ਮਾਵਾਂ ਖ਼ਾਤਰ
ਜੇਲ੍ਹ ਚੱਲਿਆ ਹਾਂ
ਜੋ ਬਲਦੇ ਅਰਮਾਨਾਂ ਦੀ ਅੱਗ 'ਚ
ਜਵਾਨ ਉਮਰੇ ਬੁਢਾਪਾ ਬਣ ਸੜ ਗਈਆਂ।
ਅੱਜ ਹਜ਼ਾਰਾਂ ਬਾਪੂਆਂ ਖਾਤਰ
ਜੇਲ੍ਹ ਚੱਲਿਆ ਹਾਂ
ਜਿੰਨਾਂ ਦੀਆਂ ਕਣਕਾਂ ਵੇਚ ਕੇ
ਕਰਜ਼ਾ ਲਾਹੁਣ ਦੀਆਂ ਹਸਰਤਾਂ
ਆਏ ਸਾਲ
ਜ਼ਹਿਰੀ ਨਾਗ ਬਣਕੇ ਲੜ ਗਈਆਂ।
ਕੱਲ੍ਹ ਨੂੰ ਮਾਂ, ਤੂੰ ਸੁਣੇਂਗੀ ਜਾਂ ਪੜ੍ਹੇਂਗੀ
ਕਿ ਇਕ ਨਕਸਲੀਆ
ਪੁਲਸ-ਮੁਕਾਬਲੇ 'ਚ ਮਾਰਿਆ ਗਿਆ।
ਤੇ ਮਾਂ, ਤੂੰ ਰੋਈਂ ਨਾ, ਘਬਰਾਈਂ ਨਾ
ਮੈਂ ਹੱਕ ਦੀ ਹਵਾ ਘਰ ਘਰ
ਛੱਡ ਆਇਆ ਹਾਂ
ਜਿਹੜੀ ਹੁਣ ਤੱਕ ਸੱਚ ਦੀ ਅੱਗ ਨਾਲ
ਰਲ ਕੇ ਉੱਚੀ ਲਾਟ ਬਣ ਗਈ ਹੋਵੇਗੀ।
ਮੈਨੂੰ ਵਿਸ਼ਵਾਸ਼ ਹੈ
ਕਿ ਜਿਨ੍ਹਾਂ ਲੋਕਾਂ ਦੀਆਂ ਰੂਹਾਂ 'ਚ
ਲਾਲ ਖ਼ੂਨ ਹੈ
ਮੇਰੇ ਸੁਪਨੇ ਨੂੰ ਅਗਾਂਹ ਤੋਰਨਗੇ।
ਤੂੰ ਮਾਂ, ਮੇਰੇ ਤੇ ਕੋਈ ਗਿਲਾ ਨਾ ਕਰੀਂ
ਕਿ ਮੈਂ ਤੈਨੂੰ ਕੁੱਝ ਨਾ ਦੇ ਸਕਿਆ
ਤੇ ਕੀ ਮਾਂ, ਭਲਾ ਇਹ ਘੱਟ ਹੈ
ਕਿ ਮੈਂ ਨਤਾਣਿਆਂ ਲਈ
ਤੇਰਾ ਨਾਂ ਕਮਾ ਚੱਲਿਆਂ!
ਕਿ ਮੈਂ ਬਾਪੂ ਦੀ ਝੁਕੀ ਧੌਣ ਨੂੰ
ਸਿੱਧੀ ਕਰਕੇ ਅੱਖ ਮਾਰਨ ਲਈ
ਕੋਈ ਰਾਹ ਰੁਸ਼ਨਾ ਚੱਲਿਆਂ!
ਦੇਖ ਮਾਂ,
ਤੇਰੇ ਹਜ਼ਾਰਾਂ ਪੁੱਤ
ਮੇਰਿਆਂ ਪੈੜਾਂ 'ਚ ਚੱਲ ਪਏ ਨੇ
ਇੰਨ੍ਹਾਂ ਦੀ ਲਾਲ ਫੌਜ ਦੇ ਸਾਹਮਣੇ
ਸਾਮਰਾਜੀ ਦੰਦ ਵੀ ਹੱਲ ਗਏ ਨੇ।
ਤੇ ਫਿਰ ਕੋਈ ਨਵਾਂ
ਸੁਹਾਗਾਂ ਭਰਿਆ ਸੂਰਜ ਚੜ੍ਹੇਗਾ।
ਤੇ ਫਿਰ ਕੋਈ ਹੰਕਾਰਿਆ ਸੇਠ
ਕਾਮੇ-ਕਿਸਾਨ ਨਾਲ ਨਹੀਂ ਲੜੇਗਾ।
ਤੇ ਫਿਰ ਕਿਸੇ ਮਾਂ ਦੀਆਂ
ਜਵਾਨ ਹੋ ਰਹੇ ਪੁੱਤ ਤੇ
ਲਾਈਆਂ ਆਸਾਂ ਤੇ
ਹਉਕਿਆਂ ਦਾ ਸੱਪ ਨਹੀਂ ਲੜੇਗਾ।
ਤੇ ਫਿਰ ਕੋਈ ਝੂਠੇ ਮੁਕਾਬਲੇ
ਨਕਸਲੀਆਂ ਦੇ ਸਿਰ ਨਹੀਂ ਮੜ੍ਹੇਗਾ।

● ●

## ਮੈਂ ਸਜ਼ਾ ਦੀ ਮੰਗ ਕਰਦਾ ਹਾਂ

— ਪਾਬਲੋ ਨੇਰੂਦਾ

ਆਪਣੇ ਇਨ੍ਹਾਂ ਸ਼ਹੀਦ ਸਾਥੀਆਂ ਦੇ ਨਾਂ 'ਤੇ
ਮੈਂ ਸਜ਼ਾ ਦੀ ਮੰਗ ਕਰਦਾ ਹਾਂ

ਉਹਨਾਂ ਲਈ, ਜਿਨ੍ਹਾਂ ਨੇ ਸਾਡੀ ਮਾਤਭੂਮੀ ਨੂੰ ਲਹੂ ਨਾਲ ਲਥੜ ਦਿੱਤਾ।
ਮੈਂ ਸਜ਼ਾ ਦੀ ਮੰਗ ਕਰਦਾ ਹਾਂ

ਉਸ ਲਈ, ਜਿਸ ਦੇ ਹੁਕਮ ਨਾਲ ਇਹ ਜ਼ੁਲਮ ਹੋਇਆ
ਮੈਂ ਸਜ਼ਾ ਦੀ ਮੰਗ ਕਰਦਾ ਹਾਂ

ਉਸ ਜੱਲਾਦ ਲਈ, ਜਿਹੜਾ ਲਾਸ਼ਾਂ 'ਤੇ ਪੈਰ ਰੱਖਦੇ ਉੱਚੇ ਅਹੁਦੇ 'ਤੇ ਪੁੱਜਿਆ
ਮੈਂ ਸਜ਼ਾ ਦੀ ਮੰਗ ਕਰਦਾ ਹਾਂ

ਉਨ੍ਹਾਂ ਹਾਕਮਾਂ ਦਲ ਲੋਕਾਂ ਲਈ, ਜਿਨ੍ਹਾਂ ਇਸ ਜ਼ੁਲਮ ਨੂੰ ਮਾਫ਼ ਕਰ ਦਿੱਤਾ
ਮੈਂ ਸਜ਼ਾ ਦੀ ਮੰਗ ਕਰਦਾ ਹਾਂ

ਮੈਂ ਨਹੀਂ ਚਾਹੁੰਦਾ ਕਿ ਹਰ ਕਿਸੇ ਨਾਲ ਹੱਥ ਮਿਲਾਵਾਂ ਤੇ ਸਭ ਕੁਝ ਭੁੱਲ ਜਾਵਾਂ
ਮੈਂ ਉਨ੍ਹਾਂ ਦੇ ਲਹੂ ਲਿਬੜੇ ਹੱਥਾਂ ਨੂੰ ਛੋਹਣਾ ਵੀ ਨਹੀਂ ਚਾਹੁੰਦਾ
ਮੈਂ ਸਜ਼ਾ ਦੀ ਮੰਗ ਕਰਦਾ ਹਾਂ

ਮੈਂ ਨਹੀਂ ਚਾਹੁੰਦਾ ਕਿ ਉਨ੍ਹਾਂ ਨੂੰ ਰਾਜਦੂਤ ਬਣਾਕੇ ਵਿਦੇਸ਼ਾਂ 'ਚ ਭੇਜ ਦਿੱਤਾ ਜਾਵੇ
ਕੇ ਉਨ੍ਹਾਂ ਨੂੰ ਦਫ਼ਤਰਾਂ 'ਚ ਛੁਪਾ ਲਿਆ ਜਾਵੇ
ਮੈਂ ਉਨ੍ਹਾਂ ਨਾਲ ਇਨਸਾਫ਼ ਹੁੰਦਾ ਵੇਖਣਾ ਚਾਹੁੰਦਾ ਹਾਂ
ਏਥੇ, ਖੁੱਲ੍ਹੇ ਆਮ, ਇਸ ਚੌਕ ਵਿਚ
ਮੈਂ ਉਨ੍ਹਾਂ ਨੂੰ ਸਜ਼ਾ ਦਿਵਾਉਣੀ ਚਾਹੁੰਦਾ ਹਾਂ......

# ਇਕ ਹੋਰ ਹਿਟਲਰੀ ਸੰਸਥਾ : ਨੈਸ਼ਨਲ ਫਰੰਟ

ਉੱਜਲ ਦੋਸਾਂਝ

( ਨੈਸ਼ਨਲ ਫਰੰਟ ਦੇ ਮੁਖੀ — ਮਾਰਟਿਨ ਵੈੱਬਸਟਰ; ਜਾੱਨ ਟਿੰਡਲ — ਖੁੱਲਮ-ਖੁੱਲਾ ਕਹਿ ਰਹੇ ਹਨ ਕਿ "ਉਹ ਬਰਤਾਨੀਆ ਵਿਚ ਇਕ ਠੋਸ ਨਾਜ਼ੀ ਮਸ਼ੀਨ ਖੜ੍ਹੀ ਕਰਨਾ ਚਾਹੁੰਦੇ ਹਨ"; "ਹਿਟਲਰ ਬਿਲਕੁਲ ਠੀਕ ਸੀ"; "ਆਮ ਵਰਤੇ ਜਾਂਦੇ ਸ਼ਬਦ 'ਫਾਸ਼ਿਸਟ' ਦਾ ਮਤਲਬ ਹੈ 'ਦੇਸ਼-ਭਗਤ' ਤੇ ਸਾਨੂੰ ਫਾਸ਼ਿਸਟ ਹੋਣ ਦਾ ਮਾਣ ਹੈ;" "ਜਦੋਂ ਰਾਜ-ਸੱਤਾ ਸਾਡੇ ਹੱਥ ਆ ਗਈ, ਅਸੀਂ ਉਹਨਾਂ ਆਵਾਜ਼ਾਂ ਨੂੰ ਚੁੱਪ ਕਰਾਕੇ ਹੀ ਦਮ ਲਵਾਂਗੇ ਜੋ ਅੱਜ ਸਾਡੇ ਖਿਲਾਫ਼ ਉੱਚੀਆਂ ਉੱਠ ਰਹੀਆਂ ਹਨ"; "ਅਸੀਂ ਖ਼ੂਨ ਨਾਲ ਹੱਥ ਰੰਗਾਂਗੇ"... ਆਦਿ ਆਦਿ। ਜਿਉਂਦੇ ਨਾਜ਼ੀਆਂ ਦੀਆਂ ਲੋਕ-ਵਿਰੋਧੀ ਕਰਤੂਤਾਂ ਦਾ ਜ਼ਿਕਰ 'ODESSA FILE' ਵਰਗੇ ਨਾਵਲਾਂ ਤੋਂ ਵੀ ਪਤਾ ਲੱਗ ਸਕਦਾ ਹੈ। ਸਾਨੂੰ ਇਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਇਹ ਸਤਰਾਂ ਉੱਜਲ ਦੋਸਾਂਝ ਨੇ ਬਰਤਾਨੀਆਂ ਦੇ ਦੌਰੇ ਦੌਰਾਨ ਲਿਖੀਆਂ ਹਨ। — ਸੁਰਿੰਦਰ ਧੰਜਲ )

ਬਰਤਾਨੀਆਂ ਵਿੱਚ ਅੱਜਕਲ ਨੈਸ਼ਨਲ ਫਰੰਟ ਨਾਮ ਦੀ ਸੰਸਥਾ ਦਾ ਕਾਫ਼ੀ ਚਰਚਾ ਹੈ। ਬਰਤਾਨੀਆਂ ਦੇ ਸਾਰੇ ਇਲਾਕਿਆਂ ਦੀਆਂ ਇਲਾਕਾਈ ਅਖਬਾਰਾਂ ਵੀ ਇਸ ਸੰਸਥਾ ਦੀਆਂ ਸਰਗਰਮੀਆਂ ਬਾਰੇ ਖਬਰਾਂ ਦਿੰਦੀਆਂ ਹਨ। ਟੈਲੀਵੀਜਨ, ਰੇਡੀਓ ਅਤੇ ਕੌਮੀ ਪੱਧਰ ਉੱਤੇ ਚੱਲ ਰਹੇ ਅਖਬਾਰ ਆਦਿ ਨੈਸ਼ਨਲ ਫਰੰਟ ਦੀਆਂ ਸਰਗਰਮੀਆਂ ਨੂੰ ਵੱਡਾ ਸਥਾਨ ਦੇਕੇ ਉਸਦਾ ਉਤਸ਼ਾਹ ਵਧਾ ਰਹੇ ਹਨ। ਪਿਛਲੀ ਵਾਰ ਇਲਾਕਾਈ ਪੱਧਰ ਉਤੇ ਹੋਈਆਂ ਮਿਊਂਸੀਪਲ ਕੌਂਸਲਾਂ ਦੀਆਂ ਚੋਣਾਂ ਵਿੱਚ ਨੈਸ਼ਨਲ ਫਰੰਟ ਨੂੰ ਕੋਈ ਬਹੁਤੀ ਕਾਮਯਾਬੀ ਪ੍ਰਾਪਤ ਨਹੀਂ ਹੋਈ ਸੀ। ਇਸਦੇ ਉਮੀਦਵਾਰਾਂ ਨੂੰ ਸਿਰਫ਼ ਨਾਮ ਮਾਤਰ ਵੋਟਾਂ ਹੀ ਮਿਲੀਆਂ ਸਨ। ਇਸਦੇ ਮੁਕਾਬਲੇ ਇਸ ਸਾਲ ਹੁਣੇ ਹੁਣੇ ਹੋਈਆਂ ਚੋਣਾਂ ਵਿੱਚ ਨੈਸ਼ਨਲ ਫਰੰਟ ਨੂੰ ਮਿਲੀਆਂ ਵੋਟਾਂ ਵਿੱਚ ਕਿਤੇ ਫ਼ੀ ਸਦੀ ਵਾਧਾ ਹੋਇਆ ਹੈ। ਨੈਸ਼ਨਲ ਫਰੰਟ ਦੀ ਵਧ ਰਹੀ ਤਾਕਤ ਲੋਕਾਂ ਦੇ ਜਮਹੂਰੀ ਹੱਕਾਂ ਲਈ ਖ਼ਤਰਾ ਹੈ — ਲੋਕਾਂ ਦੇ ਬੁਨਿਆਦੀ ਹੱਕਾਂ ਉਤੇ ਸੱਟ ਹੈ। ਇਹ ਜਾਨਣ ਲਈ ਸਾਨੂੰ ਜਾਣਨਾ ਚਾਹੀਦਾ ਹੈ ਕਿ ਨੈਸ਼ਨਲ ਫਰੰਟ ਕਿਸ ਕਿਸਮ ਦੀ ਸੰਸਥਾ ਹੈ।

ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਜੇ ਇਹ ਕਹਿ ਦਿੱਤਾ ਜਾਵੇ ਕਿ ਨੈਸ਼ਨਲ ਫਰੰਟ ਇੱਕ ਫਾਸ਼ੀਵਾਦੀ ਸੰਸਥਾ ਹੈ ਜੋ ਹਥਿਆਰਾਂ ਅਤੇ ਹਿੰਸਾ ਦੀ ਵਰਤੋਂ ਕਰਕੇ, ਬਹੁ ਗਿਣਤੀ ਲੋਕਾਂ ਨੂੰ ਗੁਮਰਾਹ ਕਰਕੇ ਉਨ੍ਹਾਂ ਦੇ ਹੱਕਾਂ ਨੂੰ ਕੁਚਲਣਾ ਚਾਹੁੰਦੀ ਹੈ ਅਤੇ ਘੱਟ ਗਿਣਤੀ ਸਮਾਜਕ ਅੰਸ਼ ਜਿੰਨ੍ਹਾਂ ਨੂੰ ਆਪਣਾ ਵਕਾਰ ਕਾਇਮ ਰੱਖਣ ਲਈ ਹਿੰਸਕ ਤਰੀਕਿਆਂ ਦੀ ਵਰਤੋਂ ਕਰਨੀ ਪੈ ਰਹੀ ਹੈ — ਉਹਨਾਂ ਦੀ ਸਹਾਇਤਾ ਅਤੇ ਪ੍ਰਤੀਨਿਧਤਾ ਕਰ ਰਹੀ ਹੈ। ਇਸ ਲਹਿਰ ਦਾ ਮੁਖੀ ਆਗੂ ਇਕ ਮੰਨਿਆ ਪਰਮੰਨਿਆ ਨਾਜ਼ੀ ( ਫਾਸ਼ੀਵਾਦੀ ਪਾਰਟੀ ਦਾ ਮੈਂਬਰ ) ਰਹਿ ਚੁੱਕਾ ਹੈ। ਅੱਜ ਤੋਂ ਕੁਝ ਚਿਰ ਪਹਿਲਾਂ ਇਹ ਆਗੂ ਅਤੇ ਇਸਦੇ ਪੈਰੋਕਾਰ, ਯਹੂਦੀਆਂ ਦੇ ਖਿਲਾਫ਼ ਮੁਹਿੰਮਾਂ ਚਲਾਇਆ ਕਰਦੇ ਸਨ — ਉਹਨਾਂ ਦੇ ਖ਼ਾਤਮੇ ਲਈ ਸਕੀਮਾਂ ਪੇਸ਼ ਕੀਤਾ ਕਰਦੇ ਸਨ। ਉਹਨਾਂ ਦੀਆਂ ਇਹ ਸਕੀਮਾਂ ਬੁਰੀ ਤਰਾਂ ਫੇਲ ਹੋ ਚੁਕੀਆਂ ਹਨ ਕਿਉਂਕਿ ਬਰਤਾਨਵੀ ਲੋਕਾਂ ਦੇ ਖ਼ਿਆਲਾਂ ਵਿੱਚ ਹਿਟਲਰ ਦੇ ਜ਼ੁਲਮ ਦੇ ਖਿਲਾਫ਼ ਕੀਤੀਆਂ ਗਈਆਂ ਕੁਰਬਾਨੀਆਂ ਅਜੇ ਤਾਜ਼ਾ ਹਨ। ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਾਂਗ ਬਰਤਾਨੀਆਂ ਵੀ ਆਰਥਕ ਮੁਸ਼ਕਲਾਂ ਵਿੱਚੋਂ ਦੀ ਲੰਘ ਰਿਹਾ ਹੈ। ਨੈਸ਼ਨਲ ਫਰੰਟ ਵਰਗੀਆਂ ਸੰਸਥਾਵਾਂ ਲੋਕਾਂ ਦਾ ਖ਼ਿਆਲ ਪੁੱਠੇ ਸਿੱਧੇ ਤਰੀਕਿਆਂ ਨਾਲ ਰੰਗਦਾਰ ਬਰਤਾਨਵੀ ਵਾਸੀਆਂ ਵੱਲ ਕਰਕੇ ਆਪਣਾ ਉੱਲੂ ਸਿੱਧਾ ਕਰ ਰਹੀਆਂ ਹਨ। ਇਹਨਾਂ ਫਾਸ਼ੀ ਸੰਸਥਾਵਾਂ ਮੁਤਾਬਕ ਬਰਤਾਨੀਆਂ ਦੀ ਆਰਥਕ ਗਿਰਾਵਟ ਦਾ ਕਾਰਨ ਰੰਗਦਾਰ ਲੋਕਾਂ ਦਾ ਇੱਥੇ ਹੋਣਾ ਹੈ। ਵੈੱਸਟ ਇੰਡੀਜ਼ ਤੋਂ ਬਰਤਾਨੀਆਂ ਵਸੇ ਲੋਕਾਂ ਨੇ ਇਸ ਨਸਲਵਾਦੀ ਸੰਸਥਾ ਦੇ ਵਿਰੁੱਧ ਕਾਫ਼ੀ ਜੱਦੋਜਹਿਦ ਕੀਤੀ ਹੈ, ਜਿਸਦਾ ਸਦਕਾ ਨੈਸ਼ਨਲ ਫਰੰਟ ਦੇ ਹਰ ਸ਼ਹਿਰ ਅਤੇ ਕਸਬੇ ਵਿੱਚ ਵੋਟ ਘੱਟ ਹੋ ਰਹੇ ਹਨ — ਇਸਦੇ ਨਾਲ ਨਾਲ ਇਹ ਗੱਲ ਬੜੀ ਹੀ ਅਫਸੋਸ ਜਨਕ ਹੈ ਕਿ ਇੱਥੇ ਰਹਿ ਰਹੇ ਭਾਰਤੀਆਂ ਦੀਆਂ ਸੰਸਥਾਵਾਂ ਨੇ ਜਥੇਬੰਦ ਹੋਕੇ ਨੈਸ਼ਨਲ ਫਰੰਟ ਦੇ ਖਿਲਾਫ਼ ਜੱਦੋਜਹਿਦ ਸ਼ੁਰੂ ਨਹੀਂ ਕੀਤੀ। ਕਈਆਂ ਸ਼ਹਿਰਾਂ ਵਿੱਚ ਜਥੇਬੰਦੀਆਂ ਨੇ ਕੁਝ ਕਰਨਾ ਸ਼ੁਰੂ ਕੀਤਾ ਹੈ — ਪਰ ਇਹ ਕਾਫ਼ੀ ਨਹੀਂ।

ਇਸਦੇ ਨਾਲ ਨਾਲ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਬਰਤਾਨੀਆਂ ਦੀ ਪ੍ਰੈੱਸ, ਰੇਡੀਓ ਅਤੇ ਟੈਲੀਵੀਜਨ ਨੈਸ਼ਨਲ ਫਰੰਟ ਦੀਆਂ ਸਰਗਰਮੀਆਂ ਨੂੰ ਜ਼ਿਆਦਾ ਮਹੱਤਤਾ ਦੇਕੇ ਉਹੋ ਜਿਹਾ ਰੋਲ ਹੀ ਅਦਾ ਕਰ ਰਹੇ ਹਨ ਜੋ ਰੋਲ ਜਰਮਨੀ ਵਿੱਚ ਆਮ ਅਖਬਾਰਾਂ, ਰੇਡੀਓ ਅਤੇ ਟੈਲੀਵੀਜਨ ਦਾ ਹੁੰਦਾ ਹੈ। ਸਾਰੀ ਪ੍ਰੈਸ ਨੈਸ਼ਨਲ ਫਰੰਟ ਦੇ ਖਿਲਾਫ਼ ਭੜਕ ਰਹੀ ਅਤੇ ਦਿਨੋ ਦਿਨ ਵਧ ਰਹੀ ਲੋਕ ਭਾਵਨਾ ਨੂੰ ਅੱਖੋਂ ਓਹਲੇ ਕਰੀ ਜਾਂਦੀ ਹੈ — ਜਦਕਿ ਨੈਸ਼ਨਲ ਫਰੰਟ ਦੀਆਂ ਸਭ ਸਰਗਰਮੀਆਂ ਵੱਲ ਪੂਰਾ ਧਿਆਨ ਦੇਕੇ ਲੋਕਾਂ ਤੱਕ ਪਹੁੰਚਾਉਂਦੀ ਹੈ। ਪ੍ਰੈਸ ਦਾ ਇਹ ਰਵੱਈਆ ਹਿਟਲਰ ਦੇ ਸਮੇਂ ਦੀ ਪ੍ਰੈੱਸ ਤੋਂ ਵੱਖਰਾ ਨਹੀਂ ਹੈ। ਨਿਰਪੱਖਤਾ ਅਤੇ ਨਿਰਪੱਖ (OBJECTIVE) ਪੱਤਰਕਾਰੀ ਦੇ ਨਾਮ ਹੇਠ ਲੋਕ ਹਿਤਾਂ ਨਾਲ ਧ੍ਰੋਹ ਕੀਤਾ ਜਾ ਰਿਹਾ ਹੈ। ਪ੍ਰੈਸ ਨੂੰ ਖਬਰਦਾਰ ਰਹਿਣਾ ਚਾਹੀਦਾ ਹੈ ਕਿ ਉਸ ਵੱਲੋਂ ਆਪਣਾ ਫਰਜ਼ ਨਾ ਨਿਭਾਏ ਜਾਣ ਕਰਕੇ ਸਾਰੀ ਜਮਹੂਰੀਅਤ ਨੂੰ ਖ਼ਤਰਾ ਹੋ ਸਕਦਾ ਹੈ — ਲੋਕਾਂ ਦਾ ਭਵਿੱਖ ਅਤੇ ਹੱਕ, ਦੋਵੇਂ ਕੁਚਲੇ ਜਾ ਸਕਦੇ ਹਨ।

ਨੈਸ਼ਨਲ ਫਰੰਟ ਨੂੰ ਮੁਜ਼ਾਹਰੇ ਆਦਿ ਕਰਨ ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ — ਇਹ ਬਹੁਤ ਚੰਗੀ ਗੱਲ ਹੈ ਕਿਉਂਕਿ 'ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ।' ਜੇ ਬਰਤਾਨੀਆਂ ਦੇ ਜਮਹੂਰੀਅਤ ਪਸੰਦ ਲੋਕਾਂ ਨੇ ਇਸ ਫਾਸ਼ੀ ਸੰਸਥਾ ਦਾ ਦ੍ਰਿੜ੍ਹ ਬੇਰਹਿਮੀ ਨਾਲ ਗਲਾ ਨਾ ਘੁਟਿਆ ਤਾਂ ਇਮੀਗਰੈਂਟ ਘੱਟ ਗਿਣਤੀਆਂ ਦਾ ਹਸ਼ਰ ਹਿਟਲਰ ਦੀ ਜਰਮਨੀ ਦੇ ਭੱਠੀਏਂ ਸਾੜੇ ਯਹੂਦੀਆਂ ਵਰਗਾ ਹੋਵੇਗਾ।

ਕੈਨੇਡਾ ਵਿਚ ਵੀ ਇਕ ਐਸੀ ਹੀ ਫਾਸ਼ਿਸਟੀ ਅਤੇ ਨਸਲਵਾਦੀ ਸੰਸਥਾ ਹੈ। ਮੇਰਾ ਇਸ਼ਾਰਾ ਵੈਸਟਰਨ ਗਾਰਡ ਗਰੁਪ ਤੋਂ ਹੈ। ਇਹ ਸੰਸਥਾ ਵੀ ਇਮੀਗਰੈਂਟਾਂ ਅਤੇ ਕਾਲੇ ਲੋਕਾਂ ਦੇ ਖਿਲਾਫ਼ ਨਫ਼ਰਤ ਉਤੇ ਪਲਦੀ ਹੈ। ਸਾਨੂੰ ਕੈਨੇਡਾ, ਬਰਤਾਨੀਆਂ ਅਤੇ ਦੁਨੀਆਂ ਦੇ ਹੋਰ ਸਾਰੇ ਮੁਲਕਾਂ ਵਿੱਚ ਆਪਣਾ ਦੁਸ਼ਮਨ ਪਹਿਚਾਨਣਾ ਚਾਹੀਦਾ ਹੈ ਅਤੇ ਇਹੋ ਜਿਹੀਆਂ ਲੋਕ-ਵਿਰੋਧੀ ਗੈਰ-ਜਮਹੂਰੀ ਅਤੇ ਪਿਆਰਣ ਉਤੇ ਆਧਾਰਤ ਜਥੇਬੰਦੀਆਂ ਨੂੰ ਜੜ੍ਹਾਂ ਤੋਂ ਉਖੇੜ ਕੇ ਖ਼ਤਮ ਕਰ ਦੇਣਾ ਚਾਹੀਦਾ ਹੈ।

---

ਸਥਾਈ ਕਾਲਮ

# ਆਪਣੇ ਲੋਕ

ਅਜਮੇਰ ਰੋਡੇ

ਪੰਜ ਸਤ ਬੰਦੇ ਬੇਸਮੈਂਟ ਵਿਚ ਬੈਠੇ ਵਿਸਕੀ ਪੀ ਰਹੇ ਸਨ ਤੇ ਆਪੋ ਆਪਣੀਆਂ ਗੱਲਾਂ ਦਸ ਰਹੇ ਸਨ:

ਪਹਿਲਾ: ਮੈਨੂੰ ਤਾਂ ਏਅਰਪੋਰਟ ਤੇ ਉਤਰਕੇ ਪਤਾ ਲਗਾ, ਏਜੰਟ ਸਾਲਾ ਧੋਖਾ ਕਰ ਗਿਆ — ਕਹਿੰਦਾ ਤੂੰ ਇਕ ਵਾਰ ਇੰਡੀਆ ਤੋਂ ਵਿਜ਼ਟਰ ਬਣ ਕੇ ਚੜ੍ਹ ਜਾ, ਵੈਨਕੂਵਰ ਤੈਨੂੰ ਕੋਈ ਅੜਿਕਾ ਨਹੀਂ ਪੈਣਾ — ਅਗੇ ਉਤਰੇ ਤਾਂ ਇਮੀਗ੍ਰੇਸ਼ਨ ਵਾਲਾ ਅਫ਼ਸਰ ਪੈਰਾਂ ਤੇ ਪਾਣੀ ਨਾ ਪੈਣ ਦੇਵੇ, ਕਹੇ ਮੁੜੋ ਵਾਪਸ ਜਾਓ — ਵਿਜ਼ਟਰ ਹੋਣ ਦਾ ਐਵੇਂ ਬਹਾਨਾ ਲੈਣਾ ਐਂ — ਸਗੀ ਭੂਆ ਦਾ ਪੁੱਤ ਮੈਨੂੰ ਅੱਗੇ ਲੈਣ ਆਇਆ ਹੋਇਆ ਸੀ, ਮੈਂ ਉਸ ਨੂੰ ਆਖ ਦਿੱਤੀ — ਉਸ ਨੇ ਅਫ਼ਸਰ ਨੂੰ ਕਿਹਾ ਇਹਨੂੰ ਬਸ ਇਕ ਵਾਰ ਰਿਸ਼ਤੇਦਾਰਾਂ ਨੂੰ ਮਿਲ ਲੈਣ ਦਿਓ ਫੇਰ ਉਹਨੇ ਹੀ ਵਾਪਸ ਚਲਾ ਜਾਊਗਾ। ਅਫ਼ਸਰ ਨੇ ਜ਼ਮਾਨਤ ਰਖ ਲਈ ਤੇ ਕਿਹਾ: "ਇਹਨੂੰ ਵੱਧ ਤੋਂ ਵੱਧ ਤਿੰਨਾਂ ਦਿਨਾਂ ਦੀ ਮੋਹਲਤ ਦਿੰਦਾ ਹਾਂ ਇਸੇ ਅੰਦਰ ਹੀ, ਫੇਰ ਇਹਨੂੰ ਫੌਰਨ ਵਾਪਸ ਜਾਣਾ ਪਏਗਾ।" ਫੇਰ ਕੀ ਸੀ ਅਸੀਂ ਏਅਰਪੋਰਟ ਤੋਂ ਨਿਕਲਕੇ ਘਰ ਤਾਂ ਫੇਰ ਕੀ ਜਾਣਾ ਸੀ ਸਿੱਧੇ ਫੈਰੀ ਨੂੰ ਗਏ ਤੇ ਉਸੇ ਦਿਨ ਆਈਲੈਂਡ 'ਤੇ ਪਹੁੰਚ ਗਏ। ਤਿੰਨ ਸਾਲ ਹੋਗੇ ਐ ਆਪਾਂ ਨੂੰ ਤਾਂ; ਬਸ ਛੇ ਮਹੀਨੇ ਪਿਛੋਂ ਥਾਂ ਬਦਲ ਲਈਦੀ ਐ, ਅਜੇ ਤਕ ਤਾਂ ਕਿਸੇ ਸਾਲੇ ਨੇ ਆ ਕੇ 'ਵਾਜ ਨੀ ਮਾਰੀ। ਕੋਈ ਪਤਾ ਨੀ ਕਿਵੇਂ ਫੜੇ ਜਾਂਦੇ ਐ?

ਦੂਜਾ: ਮੈਨੂੰ ਤਾਂ ਇੰਡੀਆ ਤੋਂ ਚਲਣ ਲੱਗਣ ਵੇਲੇ ਹੀ ਪਤਾ ਸੀ ਬਈ ਕੰਮ ਨੀਂ ਬਣਨਾ, ਫੇਰ ਵੀ ਮੈਂ ਸੋਚਿਆ ਵੇਖੀ ਜਾਊ ਆਪਾਂ ਕੇਹੜਾ ਕਿਸੇ ਤੋਂ ਘੱਟ ਜੰਮੇ ਆਂ। ਫੇਰ ਕੀ ਆਪਾਂ ਆਪਣੇ ਦੋਸਤਾਂ ਬੇਲੀਆਂ ਨੂੰ ਵੈਨਕੂਵਰ ਵਿਚ ਤਾਰ ਦੇ ਕੇ ਪਹਿਲੀ ਟਾਈਮ ਸਿਰ ਏਅਰਪੋਰਟ ਤੇ ਕਾਰ ਲੈ ਕੇ ਖੜੇ ਹੋਇਓ। ਏਅਰਪੋਰਟ ਤੇ ਪੁਜੇ ਤਾਂ ਅਗੋਂ ਇਮੀਗ੍ਰੇਸ਼ਨ ਵਾਲਾ ਬੋਲਿਆ:- 'ਮੈਨੂੰ ਸਮਝ ਨੀ ਔਂਦੀ ਤੂੰ ਏਥੇ ਆਇਆ ਕੀ ਲੈਣ ਐਂ, ਤੇਰਾ ਇਥੇ ਕੋਈ ਰਿਸ਼ਤੇਦਾਰ ਨੀ, ਕਿਸੇ ਨੇ ਤੈਨੂੰ ਸਪਾਂਸਰ ਨੀ ਕੀਤਾ, ਬਿਨਾਂ ਜ਼ਮਾਨਤ ਤੋਂ ਤੈਨੂੰ ਅਸੀਂ ਕਿਵੇਂ ਅੰਦਰ ਜਾਣ ਦੇ ਦਿਆਂਗੇ" ਮੈਂ ਚੁੱਪ ਕਰਕੇ ਖੜ੍ਹਾ ਰਿਹਾ ਤੇ ਆਸੇ ਪਾਸੇ ਵੇਖਣ ਲਗ ਪਿਆ। ਅਫ਼ਸਰ ਨੇ ਸਮਝਿਆ ਕਿ ਮੈਨੂੰ ਅੰਗ੍ਰੇਜ਼ੀ ਨੀ ਔਂਦੀ। ਹੱਥ ਦਾ ਇਸ਼ਾਰਾ ਕਰਕੇ ਤੇ ਵੇਟ ਏ ਮਿਨਟ ਕਹਿਕੇ ਉਹ ਪਤਾ ਨੀ ਕਿਸੇ ਨਾਲ ਸਲਾਹ ਕਰਨ ਅੰਦਰ ਚਲਾ ਗਿਆ।

ਆਪਾਂ ਫੁਰਤੀ ਮਾਰੀ ਤੇ ਸਕਿੰਟ 'ਚ ਦਰਵਾਜ਼ਿਓਂ ਬਾਹਰ ਆ ਗਏ — ਇਕ ਅੱਧਾ ਔਂਦੇ ਦੀ ਭੀੜ ਵਿਚ ਰਲਾ ਦੇ ਕੇ ਪੱਗ ਤੇ ਓਵਰਕੋਟ ਲਾਹ ਕੇ ਗਾਰਬੇਜ ਦੇ ਇਕ ਡਰੰਮ ਵਿਚ ਨਾਲ ਸੁੱਟ ਦਿਤੇ ਤੇ ਗੇਟ 'ਚੋਂ ਬਾਹਰ ਆ ਕੇ ਦਮ ਲਿਆ। ਜਦ ਮੁੜਕੇ ਵੇਖਿਆ ਅਗੋਂ ਅਫ਼ਸਰ ਬਾਰਦੇ ਅਗੇ ਖੜ੍ਹਾ ਗੇਟ ਵਲ ਹੀ ਵੇਖੀ ਜਾਂਦਾ ਸੀ। ਮੈਂ ਸਿੱਧਾ ਜਾ ਕੇ ਕਾਰ ਵਿਚ ਬੈਠ ਗਿਆ ਤੇ ਕਿਹਾ: ਚਲ ਬਈ ਮਿੱਤਰਾ ਆਪਾਂ ਆਵਦੇ ਹਿੱਸੇ ਦਾ ਮੋਰਚਾ ਫਤੇਹ ਕਰ ਲਿਐ ਅਗਾਂਹ ਤੇਰੇ ਹੱਥ ਤੇ ਐ। ਅਫ਼ਸਰ ਨੇ ਪਤਾ ਨੀ ਕਿਹੜੇ ਪਾਸੇ ਸਿਧੇ ਰਾਹਾਂ ਤੋਂ ਹੀ ਕਾਰ ਲਿਜਾਂਦੀ, ਬਸ ਮਿੰਟਾਂ ਵਿਚ ਹੀ ਅਸੀਂ ਉਨ੍ਹਾਂ ਦੇ ਮਕਾਨ ਤੇ ਆ ਗਏ — ਫਿਰ ਆਪਾ ਹਫ਼ਤਾ ਕੁ ਉਹਦੇ ਕੋਲ ਰਹੇ ਤੇ ਫਿਰ ਜਿਥੇ ਜੀ ਕੀਤਾ ਉਥੇ; ਕੰਮ ਵੀ ਬਹੁਤ ਕੀਤਾ, ਕਮਾਈ ਵੀ ਬਹੁਤ ਤੇ ਉਜਾੜੇ ਵੀ ਬਹੁਤ ਅਜੇ ਤਕ ਤਾਂ ਬਾਬੇ ਦੀ ਕਿਰਪਾ ਐ ਅੱਗੇ ਵੇਖੀ ਜਾਊ।

ਤੀਜਾ: ਏਅਰ ਪੋਰਟ ਤੇ ਤਾਂ ਆਪਾਂ ਨੂੰ ਕੋਈ ਅੜਿਕਾ ਨੀ ਪਿਆ; ਅਗਲਿਆਂ ਨੇ ਜ਼ਮਾਨਤ ਹਮਦਰਦੀ ਤੇ ਦੋ ਮਹੀਨਿਆਂ ਦੀ ਇਜਾਜ਼ਤ ਦੇ ਦਿੱਤੀ। ਦੋ ਮਹੀਨੇ ਤਾਂ ਪਤਾ ਹੀ ਨਾ ਲੱਗਾ ਕਦੋਂ ਨਿਕਲਗੇ। ਇਮੀਗ੍ਰੇਸ਼ਨ ਵਲੋਂ ਵਾਰਨਿੰਗ ਦੀ ਚਿੱਠੀ ਆ ਗਈ। ਮੈਂ ਸੋਚਿਆ ...... ਮੁੜਨ ਦਾ ਤਾਂ ਹੁਣ ਸੁਆਲ ਹੀ ਨੀ ਪੈਦਾ ਹੁੰਦਾ। ਮੈਂ ਆਪਣੇ ਇਕ ਦੋਸਤ ਗੁਰਦੇਵ ਨਾਲ ਅਪਾਰਟਮੈਂਟ ਵਿਚ ਮੂਵ ਹੋ ਗਿਆ ਰੂਮ ਸ਼ੇਅਰ ਕਰਕੇ। ਪੰਜ ਕੁ ਮਹੀਨੇ ਤਾਂ ਐਸ਼ ਨਾਲ ਕਟੀ ਗਏ ਫੇਰ ਇਕ ਦਿਨ ਗੁਰਦੇਵ ਘਬਰਾਇਆ ਘਬਰਾਇਆ ਆਇਆ ਤੇ ਕਹਿਣ ਲੱਗਾ: ਜੇ ਚਾਹੀ ਬਚੀ ਦਾ ਏ ਤਾਂ ਭਜ ਲੈ ਪੁਲੀਸ ਤਾਂ ਆ ਗਈ; ਕਿਸੇ ਕਮੀਨੇ ਨੇ ਪਤਾ ਦਸਤਾ ਇਮੀਗ੍ਰੇਸ਼ਨ ਨੂੰ ਤੇਰਾ— "ਅਜੇ ਕਿੰਨੀ ਕੁ ਦੂਰ ਐ ਪੁਲੀਸ ਵਾਲੇ," ਮੈਂ ਪੁੱਛਿਆ

"ਦੂਰ? ਉਹ ਤਾਂ ਦੱਪ ਤੇ ਦੱਪ ਦੋ ਮਿੰਟਾਂ 'ਚ ਏਥੇ ਉਪਰ ਆਏ ਸਮਝ"

ਮੈਂ ਆਲੇ ਦੁਆਲੇ ਦੇਖਿਆ, ਮੈਨੂੰ ਬਾਹਰਲਾ ਦਰਵਾਜ਼ਾ ਖੜਕ ਗਿਆ। ਮੈਂ ਗੁਰਦੇਵ ਵੱਲ ਦੇਖਿਆ ਤੇ ਇਸ਼ਾਰੇ ਨਾਲ ਕਿਹਾ ਬਸ ਇਕ ਮਿੰਟ ਦਰਵਾਜ਼ੇ ਤੋਂ ਉਨ੍ਹਾਂ ਨੂੰ ਅੰਦਰ ਨਾ ਆਉਣ ਦੇਈਂ। ਮੈਂ ਅਗਾ ਦੇਖਿਆ ਨਾ ਪਿਛਾ ਵਿੰਡੋ ਖੋਲ੍ਹੀ ਤੇ ਪਿੱਛੇ ਗੁਆਂਢੀਆਂ ਦੇ ਯਾਰਡ ਵਿਚ ਛਾਲ ਮਾਰ ਦਿੱਤੀ, ਘਰਵਾਲੀ ਬੁੱਢੀ ਨੇ ਆਪਣੀ ਵਿੰਡੋ ਵਿਚੋਂ ਮੈਨੂੰ ਭਗਦੇ ਨੂੰ ਦੇਖ ਲਿਆ ਸੀ, ਉਹ ਡਰਕੇ ਅੰਦਰ ਨੂੰ ਤੁਰ ਗਈ ਤੇ ਆਪਾਂ ਸਕਿੰਟ ਵਿਚ ਫੈਂਸ ਤੋਂ ਦੀ ਛਾਲ ਮਾਰ ਕੇ ਤਿੱਤਰ ਹੋਏ। ਮੈਂ ਕਿਹਾ ਹੁਣ ਤਾਂ ਨੀ ਫੜਿਆ ਜਾਂਦਾ ਭਾਵੇਂ ਪੁਲਿਸ ਦਾ ਪਿਓ ਆ ਜੇ... ਫੇਰ...

ਚੌਥਾ: ਸਾਲ ਕੁ ਦੀ ਗੱਲ ਐ ਮੈਂ ਐਸੇ ਹੀ ਬੇਸਮੈਂਟ ਵਿਚ ਆਇਆ ਸੀ ਇੰਦਰ ਕੋਲ, ਪੁਲੀਸ ਨੂੰ ਪਤਾ ਨੀ ਕੀਹਨੇ ਫੋਨ ਮਾਰਤਾ, ਜਿੱਥੇ ਹੀ ਅੰਦਰ ਆ ਵੜੇ ਤੇ ਮੈਨੂੰ ਕਹਿਣ ਪਾਸਪੋਰਟ ਤੇ ਹੋਰ ਕਾਗ਼ਜ਼ ਦਿਖਾ। ਇੰਦਰ ਗੱਲਾਂ 'ਚ ਤਾਂ ਪੂਰਾ ਉਸਤਾਦ ਐ, ਪੁਲਿਸ ਵਾਲਿਆਂ ਨੂੰ ਵਾਰੇ ਨਾ ਆਉਣ ਦੇਵੇ। ਕਹਿੰਦਾ ਇਹ ਤਾਂ ਪ੍ਰਿੰਸ ਜਾਰਜ ਰਹਿੰਦੈ"। ਅਜ ਤਾਂ ਇਹ ਮੇਰੇ ਕੋਲ ਮਿਲਣ ਆਇਆ, ਤੁਸੀਂ ਪ੍ਰਿੰਸ ਜਾਰਜ ਐਸ ਮੌਂਟਰੀਅਲ ਤੇ ਫੋਨ ਕਰਕੇ ਦੇਖ ਲਵੋ, ਤੁਹਾਨੂੰ ਇਸ ਬਾਰੇ ਸਭ ਪਤਾ ਮਿਲ ਜਾਊਗਾ; ਜੇ ਫੇਰ ਵੀ ਤਸੱਲੀ ਨਾ ਹੋਈ ਤਾਂ ਜਿਵੇਂ ਮਰਜ਼ੀ ਕਰ ਲਿਓ। ਪੁਲੀਸ ਵਾਲੇ ਸੋਚੀਂ ਪੈ ਗਏ ਤੇ ਫੋਨ ਕੋਲ ਖੜ੍ਹਕੇ ਹੌਲੀ ਹੌਲੀ ਸਲਾਹਾਂ ਕਰਨ ਲਗ ਪਏ। ਮੈਂ ਇੰਦਰ ਨੂੰ ਪੁੱਛਿਆ: ਹੁਣ?

"ਹੁਣ ਕੀ ਲੱਗੀ ਏ ਤਾਂ ਲੰਘ ਜਾਣ ਨਹੀਂ ਤਾਂ ਸਮਝ ਲੈ ਇੰਡੀਆ ਦੀ ਤਿਆਰੀ ਐ"

ਮੈਂ ਪੁਲੀਸ ਵਾਲਿਆਂ ਨੂੰ ਕਿਹਾ, ਇਕ ਮਿੰਟ ਵਾਸ਼ਰੂਮ ਜਾ ਆਵਾਂ, ਤੇ ਚੁੱਪ ਕਰਕੇ ਵਾਸ਼ਰੂਮ 'ਚ ਵੜ ਗਿਆ। ਜਾਂਦੇ ਨੇ ਲਾਕ ਲਾ ਦਿੱਤਾ, ਪਾਣੀ ਵਾਲੀਆਂ ਟੂਟੀਆਂ ਫੁਲ ਖੋਲ੍ਹ ਦਿੱਤੀਆਂ ਤੇ ਹੌਲੇ ਜਿਹੇ ਵਾਸ਼ਰੂਮ ਦਾ ਪਿਛਲਾ ਸ਼ੀਸ਼ਾ ਖੋਲ੍ਹ ਦਿੱਤਾ। ਪੰਜ ਮਿੰਟਾਂ ਵਿਚ ਛਾਲ ਮਾਰ ਕੇ ਆਪਾਂ ਬਾਹਰ ਹੋਏ ਤੇ ਇਕ ਦੋਸਤ ਦੀ ਬੇਸਮੈਂਟ ਵਿਚ ਜਾ ਕੇ ਸਾਹ ਲਿਆ। ਰਾਤ ਨੂੰ ਇੰਦਰ ਨੂੰ ਫੋਨ ਕਰਕੇ ਪੁੱਛਿਆ ਕਿਵੇਂ ਹੋਈ ਪਿੱਛੋਂ? ਇੰਦਰ ਕਹਿੰਦਾ, "ਹੋਣਾ ਕੀ ਸੀ? ਪੁਲਸੀਏ ਦੋ ਘੰਟੇ ਤਾਂ ਵਾਸ਼ਰੂਮ ਦੇ ਬੂਹੇ ਅੱਗੇ ਖੜ੍ਹੇ ਕਹਿੰਦੇ ਰਹੇ— ਬਾਹਰ ਨਿਕਲ, ਬਾਹਰ ਨਿਕਲ, ਫੇਰ ਬੂਹਾ ਤੋੜ ਕੇ ਅੰਦਰ ਦੇਖਿਆ ਤਾਂ ਹੈਰਾਨ ਜਿਹੇ ਹੋਏ ਤੇ ਮੇਰੇ ਨਾਲ ਔਖੇ ਹੋਣ ਲਗ ਪੇ।"

ਪੰਜਵਾਂ: ਚੰਗੇ ਉਏ ਸੂਰਮਿਓ ਤੁਸੀਂ ਦੇਸ ਦਾ ਨਾਂ ਉੱਚਾ ਕਰਨ ਲੱਗੇ ਐਂ... ...

ਪਹਿਲਾ: ਤੂੰ ਬਾਈ ਨਵਾਂ ਵਲੇ ਆ ਗਿਐਂ ਏਥੇ— ਤੈਨੂੰ ਹੁਣ ਵੱਧ ਵੱਧ ਗੱਲਾਂ ਆਉਂਦੀਆਂ। ਅਸੀਂ ਤਾਂ ਐਥੋਂ ਦੀ ਇਮੀਗ੍ਰੇਸ਼ਨ ਨਾਲ ਹੀ ਇਲਤਾਂ ਕਰਦੇ ਐਂ, ਇੰਡੀਆ ਤਾਂ ਗੌਰਮਿੰਟ ਦੇ ਅਫ਼ਸਰ ਆਪਣੇ ਲੋਕਾਂ ਦੀ ਹੀ ਛਿੱਲ ਲਾਹੀ ਜਾਂਦੇ ਐ— ਉਹ ਤਾਂ ਦੇਸ ਦਾ ਨਾਂ ਬਹੁਤ ਉੱਚਾ ਕਰਦੇ ਹੋਣੇ ਐਂ?

ਪੰਜਵਾਂ: (ਬਾਹਰ ਬਾਰੀ ਵਿਚੋਂ ਤੱਕਦਾ ਹੋਇਆ) ਠਹਿਰੋ ਓਏ ਕਮੀਨਿਓ, ਮੈਨੂੰ ਤਾਂ ਲਗਦੈ ਪੁਲੀਸ ਫੇਰ ਆ ਗੀ—

ਪਹਿਲਾ: (ਛਾਲ ਮਾਰ ਕੇ ਉਠਦਾ ਹੋਇਆ ਤੇ ਪੰਜਵੇਂ ਵਲ ਇਸ਼ਾਰਾ ਕਰਕੇ) ਤੂੰ ਬਾਈ ਉਨ੍ਹਾਂ ਨੂੰ ਬਸ ਪੰਜ ਮਿੰਟ ਬਾਹਰ ਬੂਹੇ ਤੇ ਗੱਲਾਂ ਲਾਈ ਰਖੀਂ, ਫੇਰ ਅਸੀਂ ਜਾਣੀਏ ਸਾਡਾ ਕੰਮ... ...

ਪੰਜਵਾਂ ਬੂਹੇ ਵੱਲ ਤੁਰ ਪਿਆ ਤੇ ਉਹ ਚਾਰੇ ਜਣੇ ਬਾਹਰ ਨਿਕਲਣ ਦੀਆਂ ਸਕੀਮਾਂ ਲਾਉਣ ਲਗ ਪਏ।

# ਦਰਪਣ

## ਖ਼ਤ

'ਵਤਨੋਂ ਦੂਰ' ਪਰਚੇ ਦੀ ਦਿੱਖ ਅਤੇ ਪਰਚੇ ਨੂੰ ਲੋਕ ਪਰਚਾ ਬਣਾਉਣ ਦਾ ਆਪਦਾ ਜਤਨ ਵਾਕਿਆ ਹੀ ਵਧਾਈ ਦਾ ਹੱਕਦਾਰ ਹੈ।...... ਪੰਜਾਬੀ ਸਾਹਿਤ ਸਭਾ ਵੈਨਕੂਵਰ ਵਲੋਂ ਕਵਿਤਾਵਾਂ ਦੀ ਛਪ ਰਹੀ ਕਿਤਾਬ ਦਾ ਕੀ ਬਣਿਆ?

ਰਜਿੰਦਰ ਰਾਹੀ
ਹਊਸਟਨ, ਬੀ.ਸੀ.

"ਵਤਨੋਂ ਦੂਰ" ਪੜ੍ਹਦੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਮੈਂ ਵਤਨ ਦੇ ਬਹੁਤ ਹੀ ਨਜ਼ਦੀਕ ਪਹੁੰਚ ਜਾਂਦਾ ਹੋਵਾਂ। ਅਜਮੇਰ ਰੋਡੇ "ਆਪਣੇ ਲੋਕ" ਵਿਚ ਹੀ ਨਹੀਂ ਸਗੋਂ ਹਰ ਇਕ ਲਿਖਤ ਵਿਚ ਵਧਾਈ ਦੇ ਪਾਤਰ ਹਨ।

ਜਗਤਾਰ ਸਿੰਘ, ਕੈਨੇਡਾ।

ਸਾਹਿਤ, ਜੋ ਸਾਡੀ ਖ਼ੁਰਾਕ ਵਾਂਗੂੰ ਇਕ ਅਨਿਖੜਵਾਂ ਅੰਗ ਹੈ, ਉਸ ਲਈ ਆਪਣਾ ਸਮਾਂ ਕੱਢ ਕੇ ਵਤਨੋਂ ਦੂਰ ਬੈਠਿਆਂ ਨੂੰ "ਵਤਨੋਂ ਦੂਰ" ਰਾਹੀਂ ਯਾਦ ਤਾਜ਼ਾ ਕਰਾ ਦਿੰਦੇ ਹੋ... ..."ਵਤਨੋਂ ਦੂਰ" ਦਾ 'ਸਥਾਈ ਕਾਲਮ' ਤੇ 'ਕੈਨੇਡਾ ਦੇ ਕਵੀ' ਆਦਿਕ ਕਾਲਮਾਂ ਨੂੰ ਤਰਜੀਹ ਦੇਣਾ ਇਸ ਪਰਚੇ ਲਈ ਸਹਾਈ ਸਾਬਤ ਹੋ ਰਿਹਾ ਹੈ।

ਰਜਿੰਦਰ ਟੱਲੇਵਾਲੀਆ
ਡੰਕਨ, ਬੀ.ਸੀ.

"ਵਤਨੋਂ ਦੂਰ" ਦਾ ਮਿਆਰ ਹਰ ਵਾਰ ਪਹਿਲਾਂ ਨਾਲੋਂ ਉੱਚਾ ਹੀ ਹੁੰਦਾ ਜਾ ਰਿਹਾ ਹੈ ਜੋ ਕਿ ਸਾਡੇ ਪੰਜਾਬੀਆਂ ਲਈ ਬੜੇ ਮਾਣ ਦੀ ਗੱਲ ਹੈ। ਅਜਮੇਰ ਰੋਡੇ ਦਾ 'ਆਪਣੇ ਲੋਕ' ਸਥਾਈ ਕਾਲਮ ਤਾਂ ਇੰਨਾ ਦਿਲਚਸਪ ਹੁੰਦਾ ਹੈ ਕਿ ਪਰਚਾ ਫੜਦਿਆਂ ਹੀ ਪਹਿਲੇ ਪੜ੍ਹੀਦੇ ਹਨ ਕਿ 'ਆਪਣੇ ਲੋਕ' ਕਿਥੇ ਹੈ?

ਮੇਰਾ ਖ਼ਿਆਲ ਹੈ ਕਿ ਜੇ ਹਰ ਵੇਰ ਪਰਚੇ ਦੇ ਤਿੰਨ ਰੰਗ ਹੋਣ — ਕੈਨੇਡਾ, ਭਾਰਤ, ਇੰਗਲੈਂਡ — ਤਾਂ ਹੋਰ ਵੀ ਵਧੀਆ ਲੱਗੇਗਾ।

ਨਰਿੰਦਰ ਸੈਣੀ
ਵਿਕਟੋਰੀਆ, ਬੀ.ਸੀ.

ਤੁਹਾਡੇ ਭੇਜੇ ਪਰਚੇ ਮਿਲੇ ਹਨ। ਤੁਹਾਡਾ ਇਹ ਉੱਦਮ ਕੇਵਲ ਇਸ ਲਈ ਸਲਾਹੁਣਯੋਗ ਨਹੀਂ ਕਿ ਤੁਸੀਂ ਪੰਜਾਬੀ ਦਾ ਸਾਹਿਤ ਪੈਦਾ ਕਰ ਰਹੇ ਹੋ, ਬਲਕਿ ਇਸ ਲਈ ਵੀ ਕਿ ਤੁਸੀਂ ਕ੍ਰਾਂਤੀਕਾਰੀ ਵਿਚਾਰਾਂ ਦੇ ਧਾਰਨੀ ਹੋ... ਖ਼ੂਬ ਵਧੀਆ ਕਵਿਤਾਵਾਂ ਤੇ ਕਹਾਣੀਆਂ ਪੜ੍ਹਨ ਨੂੰ ਮਿਲੀਆਂ ਹਨ।

ਅਸੀਂ ਬਹੁਤ ਛੇਤੀ "ਲਕੀਰ" ਸ਼ੁਰੂ ਕਰਨ ਲੱਗੇ ਹਾਂ। ਪਰਚਾ ਤੁਹਾਨੂੰ ਜ਼ਰੂਰ ਭੇਜਿਆ ਕਰਾਂਗੇ।

ਪ੍ਰੇਮ ਪ੍ਰਕਾਸ਼
ਜਲੰਧਰ, ਪੰਜਾਬ।

"ਵਤਨੋਂ ਦੂਰ" ਦਾ ਅਗਸਤ '77 ਦਾ ਅੰਕ ਹੱਥ ਲੱਗਾ। ਵਤਨੋਂ ਦੂਰ ਹੋਣ ਕਰਕੇ ਜੋ ਫ਼ੋਟੋਸਟੇਟ ਛਪਵਾਉਣਾ ਪੈਂਦਾ ਹੈ; ਸੱਚਮੁੱਚ ਬੜੀ ਮਿਹਨਤ ਤੇ ਲਗਨ ਦਾ ਕੰਮ ਹੈ। ਇਸ ਅੰਕ ਦਾ ਵਿਸ਼ੇਸ਼ਣ ਪੱਖ ਖ਼ੂਬਸੂਰਤ ਹੈ — ਦੋਵੇਂ ਕੈਨੇਡੀਅਨ ਕਹਾਣੀਆਂ (ਅਵਤਾਰ ਗਿੱਲ ਅਤੇ ਸਾਧੂ ਦੀ) ਬਹੁਤ ਚੰਗੀਆਂ ਸਨ। ਸਥਾਈ ਕਾਲਮਾਂ ਵਿਚੋਂ 'ਏਕੇ ਦੀ ਲੋੜ ਹੈ' ਬੜਾ ਚੰਗਾ ਹੈ।

ਜਸਪਾਲ ਸਿੰਘ ਮਾਨ
ਸੰਗਰੂਰ ਪੰਜਾਬ

ਵਤਨੋਂ ਦੂਰ ਰਹਿ ਕੇ ਜੋ ਤੁਸੀਂ ਪੰਜਾਬੀ ਮਾਂ ਦੀ ਸੇਵਾ ਕਰ ਰਹੇ ਹੋ, ਇਸ ਤੋਂ ਕੌਣ ਮੁਕਰੇਗਾ। ਸਾਡੇ ਬਾਪਿਆਂ ਨੇ ਜੋ ਏਥੇ ਆ ਕੇ ਗ਼ੁਲਾਮੀ ਸਮੇਂ ਪਰਚੇ ਕੱਢੇ ਸਨ, ਮੇਰੀ ਜਾਚੇ ਤੁਸੀਂ ਉਸ ਲੜੀ ਨੂੰ ਚਲਾਇਆਂ ਰੱਖਣ ਵਿਚ ਕੋਈ ਕਸਰ ਨਹੀਂ ਛੱਡ ਰਹੇ। ਸਦਾ ਸਦਾ ਲਈ ਮੇਰੀਆਂ ਸ਼ੁਭ ਇੱਛਾਵਾਂ ਆਪ ਜੀ ਨਾਲ ਰਹਿਣਗੀਆਂ।

ਸੁਲੱਖਣ ਮੀਤ
ਸੰਗਰੂਰ-

ਗੈਟਅੱਪ ਦੇ ਪੱਖੋਂ "ਵਤਨੋਂ ਦੂਰ" ਦਾ ਹਰ ਅੰਕ ਕਮਾਲ ਦਾ ਹੁੰਦਾ ਹੈ। ਵਤਨ ਤੋਂ ਦੂਰ ਬੈਠਿਆਂ "ਵਤਨੋਂ ਦੂਰ" ਰਾਹੀਂ ਤੁਸੀਂ ਭਾਰਤੀ ਅਤੇ ਭਾਰਤ ਤੋਂ ਬਾਹਰ ਵਸਦੇ ਲੇਖਕਾਂ ਵਿਚਕਾਰ ਇਕ ਅਟੁੱਟ ਏਕਤਾ ਕਾਇਮ ਕਰਨ ਵਿਚ ਪਹਿਲ ਕੀਤੀ ਹੈ — ਇਸ ਲਈ ਤੁਸੀਂ ਵਧਾਈ ਦੇ ਹੱਕਦਾਰ ਹੋ। ਮੇਰੇ ਖ਼ਿਆਲ ਵਿਚ ਜੇ ਤੁਸੀਂ ਭਾਰਤ-ਪਾਕਿਸਤਾਨ ਤੇ ਹੋਰ ਬਾਹਰ ਦੇ ਦੇਸ਼ਾਂ ਵਿਚ ਵਸਦੇ ਪੰਜਾਬੀ ਲਿਖਾਰੀਆਂ ਨਾਲ ਸੰਪਰਕ ਕਾਇਮ ਕਰਕੇ, ਉਨ੍ਹਾਂ ਦੀਆਂ ਵਧੀਆ ਤੋਂ ਵਧੀਆ ਰਚਨਾਵਾਂ ਹਾਸਲ ਕਰਕੇ "ਵਤਨੋਂ ਦੂਰ" ਵਿਚ ਛਾਪੋ ਤਾਂ ਪਰਚਾ ਬਹੁਤ ਹੀ ਹਰਮਨ ਪਿਆਰਾ ਹੋ ਸਕਦਾ ਹੈ।

ਅੰਤ ਵਿਚ ਤੁਹਾਡੇ ਇਸ ਸਲਾਘਾਯੋਗ ਉੱਦਮ ਲਈ ਤੁਹਾਨੂੰ ਦਿਲੋ ਮੁਬਾਰਕਬਾਦ ਦਿੰਦਾ ਹਾਂ।

'ਆਸਰਜਾਵਦ
ਫ਼ਰੀਦਕੋਟ।

# ਸਵਾਗਤੀ ਭਾਸ਼ਨ

**ਸਾਧੂ**

ਚਾਰ ਪੰਜ ਦਿਨ ਲਗਾਤਾਰ ਮੀਂਹ ਵਰਨ ਪਿਛੋਂ ਐਤਵਾਰ ਸਵੇਰੇ ਨਿਕਲੀ ਧੁੱਪ ਬੜੀ ਸੁਖਾਂਵੀ ਸੀ। ਗਿਆਰਾਂ ਵਜੇ ਤੱਕ ਗੁਰਦੁਆਰਾ ਪੂਰੇ ਦਾ ਪੂਰਾ ਭਰ ਚੁੱਕਾ ਸੀ। ਨਿਆਂਣਿਆਂ ਦੇ ਰੌਲੇ ਤੇ ਲੋਕਾਂ ਦੀਆਂ ਬਰੀਕ ਬਰੀਕ ਆਵਾਜ਼ਾਂ ਨੂੰ ਸਪੀਕਰਾਂ ਵਿਚੋਂ ਆ ਰਹੀ ਕੀਰਤਨ ਦੀ ਆਵਾਜ਼ ਦੱਬਣ ਦਾ ਜਤਨ ਕਰ ਰਹੀ ਸੀ। ਲੋਕਾਂ ਦੀਆਂ ਘੁਸਰ-ਮੁਸਰ ਗੱਲਾਂ ਤੋਂ ਅੱਜ ਦੇ ਪ੍ਰੋਗਰਾਮ ਬਾਰੇ ਜਾਣਿਆ ਜਾ ਸਕਦਾ ਸੀ। ਕਿਸੇ ਸਿਆਸੀ ਪਾਰਟੀ ਦਾ ਆਗੂ-ਗੋਰਾ ਗੁਰਦੁਆਰੇ ਸਿੱਖ ਧਰਮ ਨੂੰ ਆਪਣੀਆਂ ਸ਼ੁਭ ਇਛਾਵਾਂ ਭੇਂਟ ਕਰਨ ਆਇਆ ਹੋਇਆ ਸੀ।

ਸ਼ਬਦ-ਬਾਣੀ ਦਾ ਕੀਰਤਨ ਖਤਮ ਹੋਇਆ। ਭਾਈ ਜੀ ਹੋਰਾਂ ਨੇ ਉਠ ਕੇ ਹਾਰਮੋਨੀਅਮ ਉਤੇ ਪਏ ਮਾਈਕ ਨੂੰ ਚੁਕ ਕੇ ਸਟੈਂਡ ਤੇ ਫਿੱਟ ਕੀਤਾ। ਜਿਹਦੇ ਨਾਲ ਸਪੀਕਰ ਵਿਚ ਖੜ ਖੜ ਦੀ ਆਵਾਜ਼ ਆਈ, ਤੇ ਨਿਆਂਣਿਆਂ ਦਾ ਧਿਆਨ ਇਕ ਦਮ ਭਾਈ ਜੀ ਵੱਲ ਖਿਚਿਆ ਗਿਆ। ਭਾਈ ਜੀ ਹੋਰਾਂ ਨੇ ਗਲ 'ਚ ਪਏ ਸਾਫੇ ਨਾਲ ਦੋ ਤਿੰਨ ਵਾਰੀ ਦਾਹੜੀ ਵਿਚ ਲੁਕਿਆ ਮੂੰਹ ਪੂੰਝਿਆ, ਤੇ ਫਿਰ ਖੰਗੂਰਾ ਮਾਰ ਕੇ ਹੋ ਰਹੇ ਜੋੜ-ਮੇਲੇ ਬਾਰੇ ਜਾਣਕਾਰੀ ਦੇਣ ਲੱਗੇ। ਆਪਣੀ ਗੱਲਬਾਤ ਤਿੰਨ ਕੁ ਮਿੰਟਾਂ ਵਿਚ ਖ਼ਤਮ ਕਰਕੇ ਉਹਨੇ ਆਖਿਆ, "ਹੁਣ ਮੈਂ ਸਰਦਾਰ ਸਾਹਿਬ ਜੀ ਹੋਰਾਂ ਨੂੰ ਮਾਈਕ ਫੜਾਉਂਦਾ ਹਾਂ ਤਾਂ ਕਿ ਉਹ ਸਾਡੇ ਅੱਜ ਆਏ ਹੋਏ ਪ੍ਰਾਹੁਣੇ ਨੂੰ ਜੀ-ਆਇਆਂ ਆਖਣ ਤੇ ਸਾਨੂੰ ਉਹਨਾਂ ਦੇ ਵਡਮੁਲੇ ਜੀਵਨ ਤੋਂ ਜਾਣੂ ਕਰਾਉਣ।"

ਸਰਦਾਰ ਸਾਹਿਬ ਜੀ ਹੋਰਾਂ ਨੇ ਆਪਣੀ ਜਗਾ ਤੋਂ ਉਠ ਕੇ ਫਿਰ ਪ੍ਰਾਹੁਣੇ ਦੇ ਕੋਲ ਜੇਹੇ ਕਰਕੇ ਥੱਲੇ ਗੋਡਾ ਲਾ ਕੇ ਉਹਨਾਂ ਨਾਲ ਕੁਝ ਵਿਚਾਰ-ਵਿਟਾਂਦਰਾ ਕੀਤਾ। ਫਿਰ ਮਾਈਕ ਅੱਗੇ ਖੜੋਂਦਿਆਂ ਉਹਨਾਂ ਸਿਰ 'ਤੇ ਬੱਧੇ ਰੁਮਾਲ ਨੂੰ ਠੀਕ ਕੀਤਾ, ਨਕਟਾਈ ਨੂੰ ਕੱਸਿਆ ਫੇਰ ਢਿੱਲੀ ਕੀਤਾ, ਕੋਟ ਦੀਆਂ ਜੇਬਾਂ 'ਚ ਹੱਥ ਪਾ ਕੇ ਫੇਰ ਕੱਢ ਲਏ ਤੇ ਖੱਬਾ ਹੱਥ ਮਾਈਕ ਤੇ ਰੱਖਦਿਆਂ ਸੱਜਾ ਪੈਂਟ ਦੀ ਜੇਬ 'ਚ ਪਾਉਂਦਿਆਂ ਕਹਿਣਾ ਸ਼ੁਰੂ ਕੀਤਾ, "ਮੈਂ ਆਪਣੇ ਗ੍ਰੰਥੀ ਹੋਰਾਂ ਦਾ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਮੌਕੇ ਨੂੰ ਸਮਝਦਿਆਂ ਜਿਦਾ ਪਈ ਆਪਣੀ ਗੱਲਬਾਤ ਛੇਤੀ ਖਤਮ ਕੀਤੀ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਅੱਜ ਸਾਡੀ ਬੜੀ ਖ਼ੁਸ਼ ਕਿਸਮਤੀ ਹੈ ਕਿ ਅੱਜ ਸਾਡੇ ਘਰ, ਜਿਵੇਂ ਕਹਿੰਦੇ ਹਨ ਕੀੜੀ ਦੇ ਘਰ ਭਗਵਾਨ ਜਾਣੀ ਕਿ ਇਥੋਂ ਦੀ ਸੱਭ ਤੋਂ ਅੱਛੀ ਤੇ ਬੈਟਰ ਪੋਲੀਟੀਕਲ ਪਾਰਟੀ ਦੇ ਆਗੂ ਸ੍ਰੀਮਾਨ ਮਿਸਟਰ ਰੋਬਰਟ ਫਿਲਿਪਟਨ ਆਏ ਹੋਏ ਹਨ। ਅਸੀਂ ਸਾਰੇ ਇਹਨਾਂ ਦੇ ਬੜੇ ਦੇਣਦਾਰ ਹਾਂ ਜਿਦਾਂ-ਪਈ ਇਹਨਾਂ ਨੂੰ ਆਪਣੇ ਕੀਮਤੀ ਟੈਮ ਵਿਚੋਂ ਕੁਝ ਸਮਾਂ ਸਾਨੂੰ ਦਿਤਾ। ਨਹੀਂ ਤਾਂ ਵੱਡੇ ਆਦਮੀਆਂ ਨੂੰ ਵਿਹਲ ਕਿਥੋਂ ਮਿਲਦੀ ਹੈ। ਅੱਜ, ਸੰਡੇ ਇਹਨਾਂ ਨੇ ਸ੍ਰੀਮਾਨ ਤੇ ਸ੍ਰੀਮਤੀ ਨੋਰਟਨ, ਜਿਹੜੇ ਕਿ ਮੇਰੇ ਵੀ ਗੂਹੜੇ ਦੋਸਤ ਹਨ, ਉਹਨਾਂ ਨਾਲ ਗਾਲਫ ਖੇਡਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਤੇ ਪਿਛੋਂ ਖਾਣੇ-ਪੀਣੇ ਦਾ ਵੀ ਇਹਨਾਂ ਦਾ ਪ੍ਰੋਗਰਾਮ ਸੀਗਾ। ਇਹ ਤਾਂ ਇਹਨਾਂ ਦੀ ਗੁਰੂ ਘਰ ਦੇ ਨਾਲ ਅਪਾਰ ਸ਼ਰਧਾ ਤੇ ਸਾਡੀ ਕੌਮ ਦੇ ਲੋਕਾਂ ਨਾਲ ਬੇ-ਹੱਦ ਪਿਆਰ ਦਾ ਸਿੱਟਾ ਹੈ ਕਿ ਇਹਨਾਂ ਸਾਡੀ ਮੰਗ ਨੂੰ ਠੁਕਰਾਇਆ ਨਹੀਂ ਤੇ ਜਿੰਦਾਂ-ਪਈ ਅੱਜ ਸਾਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ।" ਇਨ੍ਹਾਂ ਆਖਦਿਆਂ ਸਰਦਾਰ ਸਾਹਿਬ ਜੀ ਹੋਰੀਂ ਪ੍ਰਾਹੁਣੇ ਵੱਲ ਮੁਸਕਰਾ ਕੇ ਦੇਖਿਆ ਤੇ ਅਗੋਂ ਪ੍ਰਾਹੁਣੇ ਨੇ ਵੀ ਮੁਸਕਰਾਹਟ ਨਾਲ ਜਵਾਬ ਦਿਤਾ ਤੇ ਫਿਰ ਲੋਕਾਂ ਵੱਲ ਦੇਖ ਦੇਖ ਕੇ ਮੁਸਕਰਾਉਂਦੇ ਰਹੇ।

ਸਰਦਾਰ ਸਾਹਿਬ ਜੀ ਨੇ ਮੇਜ਼ ਤੇ ਪਏ ਪਾਣੀ ਦੇ ਗਲਾਸ ਵਿਚੋਂ ਘੁਟ ਭਰਿਆ ਤੇ ਭਾਸ਼ਣ ਜਾਰੀ ਰੱਖਦਿਆਂ ਬੋਲੇ, "ਇਹ ਸਾਡੇ ਫਿਲਿਪਟਨ ਉਸ ਪਾਰਟੀ ਨੂੰ ਬੀਲੋਂਗ ਕਰਦੇ ਹਨ, ਜਿਹੜੀ ਕਿ ਸਹੀ ਮਹਿਨਿਆਂ ਵਿਚ ਸਾਡੀ ਲੋਕਾਂ ਦੀ ਪਾਰਟੀ ਹੈ। ਇਹ ਪਾਰਟੀ ਸਾਡੀ ਹਿੰਦੋਸਤਾਨੀ-ਪਾਰਟੀ ਦੀ ਬਿਲਕੁਲ ਕਜ਼ਨ ਲਗਦੀ ਹੈ। ਪੜਿਆ ਲਿਖਿਆਂ ਸੱਜਣਾਂ ਨੂੰ ਪਤਾ ਹੀ ਹੈ ਕਿ ਉਸ ਪਾਰਟੀ ਦਾ ਜਨਮ ਇੰਗਲੈਂਡ ਵਿਚ ਇਕ ਰੱਬ 'ਤੇ ਵਿਸ਼ਵਾਸ਼ ਰੱਖਣ ਵਾਲੇ ਅੰਗਰੇਜ਼ ਮਿਸਟਰ ਹਿਊਮ ਦੇ ਘਰ ਹੋਇਆ ਸੀ। ਮਿਸਟਰ ਹਿਊਮ ਅਸਲੀ ਮਹਿਨਿਆਂ ਵਿਚ ਹਿੰਦੁਸਤਾਨ ਨੂੰ ਪਿਆਰ ਕਰਦੇ ਸਨ ਤੇ ਜਿਦਾਂ ਪਈ ਹਰ ਗਰੀਬ-ਗੁਰਬੇ, ਚੂਹੜੇ ਚਮਾਰ ਵਲ ਦਇਆ ਦੀ ਨੀਤੀ ਰਖਦੇ ਸਨ। ਇਹ ਸਾਡੇ ਫਿਲਿਪਟਨ ਸਾਹਿਬ ਵੀ ਸਾਡੇ ਉਤੇ ਹਰ ਤਰ੍ਹਾਂ ਦੀ ਦਇਆ ਕਰਨ ਨੂੰ ਤਿਆਰ ਹਨ। ਮੇਰੇ ਇਹਨਾਂ ਨਾਲ ਬੜੇ ਗੂਹੜੇ ਸਬੰਧ ਹਨ। ਮੇਰੇ ਫਾਦਰ ਦੇ ਵੀ ਇਹਨਾਂ ਦੀ ਫੈਮਲੀ ਨਾਲ ਬੜੇ ਚਿਰਾਂ ਦੇ ਬੜੇ ਅੱਛੇ ਸਬੰਧ ਸਨ। ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਉਹ ਇਥੇ ਪਹਿਲੀਆਂ ਦੇ ਆਏ ਹੋਏ ਸਨ! ਕਿਵੇਂ ਉਹਨਾਂ ਮੇਹਨਤ ਤੇ ਲਗਨ ਨਾਲ ਕੰਮ ਕੀਤਾ ਤੇ ਕਿਦਾਂ ਲੱਖਾਂ-ਪਤੀ ਹੋ ਕੇ ਮਰੇ। ਇਹ ਗੱਲਾਂ ਤੁਸੀਂ ਸੱਭ ਜਾਣਦੇ ਹੀ ਹੋ। ਤਾਂ ਹੀ ਤਾਂ ਮੈਂ ਕਹਿੰਦਾ ਹਾਂ ਕਿ ਇਹ ਮੁਲਕ ਤਾਂ ਸਵਰਗ ਹੈ ਸਾਡੇ ਲੋਕਾਂ ਲਈ। ਇਹ ਤਾਂ ਗੋਰੇ ਹੀ ਹਨ ਜਾਂ ਸਾਡੇ ਪਿਆਰੇ ਫਿਲਿਪਟਨ ਵਰਗੇ ਆਗੇ ਹੀ ਹਨ ਜਿਹੜੇ ਸਾਨੂੰ ਇਮੀਗਰੇਸ਼ਨ ਵਿਚ ਜਿਦਾਂ ਪਈ ਇੰਨੀ ਰੈਤ ਦਿੰਦੇ ਆ ਰਹੇ ਹਨ। ਨਹੀਂ ਤਾਂ ਕੌਣ ਕਰਦੇ ਇਦਾਂ, ਸੱਚੋ ਤਾਂ ਸਹੀ ਜੇ ਸਾਡੇ ਕੋਲ ਤਾਕਤ ਹੁੰਦੀ ਤਾਂ ਅਸੀਂ ਵੜਨ ਦੇਣਾ ਸੀ ਕਿਸੇ ਨੂੰ? ਆ ਹੁਣ ਕਈ ਲੋਕੀਂ ਇਥੇ ਆ ਕੇ ਜਦੋਂ ਦੋ ਡੰਗ ਰੱਜਵੀਂ ਰੋਟੀ ਖਾਣ ਲੱਗ ਪੈਂਦੇ ਹਨ ਤਾਂ ਗੱਲਾਂ ਬਨਾਉਣ ਲਗ ਪੈਂਦੇ ਆਂ— ਜੀ ਸਾਡੇ ਨਾਲ ਡਿਸ-ਕਰੀਮੀਨੇਸ਼ਨ ਹੁੰਦਾ, ਸਾਡੇ ਨਾਲ ਆ ਹੁੰਦੈ, ਸਾਡੇ ਨਾਲ ਔਹ ਹੁੰਦਾ ਆ। ਕਦੀ ਸਾਡੇ ਸ਼ੀਸ਼ੇ ਭੰਨ ਦਿਤੇ ਗੋਰਿਆਂ ਨੇ, ਕਦੀ ਸਾਨੂੰ ਕੰਮ ਨਹੀਂ ਦਿੰਦੇ, ਕਦੀ ਕੁਝ ਕਦੀ ਕੁਝ—ਮੈਂ ਤਾਂ ਕਹਿੰਨੈ ਕਿ ਜਿਦਾਂ ਪਈ ਇਹ ਸੱਭ 'ਨਾਚ ਨਾ ਜਾਨੇਂ ਆਂਗਨ ਟੇਡਾ ਵਾਲੀਆਂ ਗੱਲਾਂ' ਹਨ। ਜਦ ਇਥੇ ਆ ਗਏ ਤਾਂ ਆਪਣੇ ਆਪ ਨੂੰ ਬਦਲਣਾ ਚਾਹੀਦਾ ਹੈ। ਆ ਸੜਕਾਂ ਤੇ ਤੀਵੀਆਂ ਸਲਵਾਰਾਂ ਪਾਈ ਮਾਰ ਉਚੀ ਉਚੀ ਪੰਜਾਬੀ 'ਚ ਗੱਲਾਂ ਮਾਰਦੀਆਂ ਫਿਰਦੀਆਂ ਹਨ। ਪਈ ਦਸੋ ਗੋਰੇ ਖਿਝਣ ਨਾ। ਮੈਨੂੰ ਤਾਂ ਆਪ ਬੜੀ ਸ਼ਰਮ ਆਉਂਦੀ ਆਂ ਇਹਨਾਂ ਲੋਕਾਂ ਤੇ, ਇਹ ਸਮਝਦੇ ਈ ਕੁਛ ਨਈ। ਪਈ ਦਸੋ ਜੇ ਕਿਸੇ ਨੂੰ ਤੁਹਾਡੇ ਖਾਣੇ ਕੋਲੋਂ ਮਾੜੀ 'ਸਮਿਲ' ਆਉਂਦੀ ਆ ਤਾਂ ਇਹ ਉਹਦੀ ਕਸੂਰ ਥੋੜੇ ਆ, ਕਸੂਰ ਤਾਂ ਤੁਹਾਡੀ ਹੋਈ। ਤੁਸੀਂ ਉਹ ਖਾਣਾ ਨਾ ਬਣਾਓ। ਹੁਣ ਭਾਈ ਕਨੇਡੇ 'ਚ ਆਏ ਹੋ ਤਾਂ ਚੇਂਜ ਕਰੋ ਆਪਣੇ ਆਪ ਨੂੰ ਬਦਲੋ ਸਮਝੇ।"

ਸਰਦਾਰ ਸਾਹਿਬ ਹੋਰਾਂ ਦੀਆਂ ਗੱਲਾਂ ਨਾਲ ਸੰਗਤ ਵਿਚ ਕੁਝ ਬੇ-ਚੈਨੀ ਪੈਦਾ ਹੋ ਰਹੀ ਸੀ, ਪਰ ਸਰਦਾਰ ਸਾਹਿਬ ਜੀ ਨੇ ਬੜੇ ਭਰੋਸੇ ਤ ਤਸੱਲੀ ਨਾਲ ਗੱਲਬਾਤ ਜਾਰੀ ਰੱਖੀ।

"ਅਸੀਂ ਆ, ਪਹਿਲਾਂ ਵੀ ਗੱਲਾਂ ਕਰਦੇ ਸਿਗੇ ਅੱਜ ਸਵੇਰੇ ਆਪਣੇ ਮਿਸਟਰ ਫਿਲਿਪਟਨ ਨਾਲ ਇਹਨਾਂ ਚੀਜ਼ਾਂ ਵਾਰੇ ਤਾਂ ਜਿਦਾਂ ਪਈ ਉਹਨਾਂ ਦੇ ਵਿਚਾਰ ਆਪਣੇ ਲੋਕਾਂ ਲਈ ਬਹੁਤ ਚੰਗੇ ਆ। ਪਰ ਸਾਡੇ ਕਈ ਲੋਕਾਂ ਨੂੰ ਜਦ ਇਥੇ ਆ ਕੇ ਸੁਰਤ ਆਉਂਦੀ ਹੈ ਤਾਂ ਗੱਲਾਂ ਸੁਝਦੀਆਂ ਹਨ। ਇਥੇ ਇਕ ਛੋਕਰਾ ਜਿਹਾ ਸਵਰੇ ਕਹਿੰਦਾ—ਗੁਰਦੁਆਰੇ ਸਿਆਸੀ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ—ਮੈਂ ਤਾਂ ਕਹਿੰਨਾ ਪਈ ਪਈ ਇਹਨਾਂ ਦੀ ਅਕਲ ਦੇਖੋਂ, ਉਏ ਇਥੇ ਸਿਆਸੀ ਗੱਲਾਂ ਕਰਦਾ ਕੌਣ ਆ। ਉਹ ਤਾਂ ਮਿਸਟਰ ਫਿਲਿਪਟਨ ਨੇ ਇਕ ਵਾਰੀ ਸਾਡੇ ਘਰ ਡਿਨਰ ਤੇ ਆਇਆਂ ਖਿਆਲ ਜ਼ਾਹਿਰ ਕੀਤਾ ਪਈ ਮੈਂ ਗੁਰਦੁਆਰੇ ਜਾ ਕੇ ਸਾਰੇ ਲੋਕਾਂ ਨੂੰ ਮਿਲਣਾ ਚਾਹੁੰਦਾ ਹਾਂ, ਜਾਨਣਾ ਚਾਹੁੰਦਾ ਹਾਂ। ਇਹ ਤਾਂ ਰੱਬ 'ਚ ਵਿਸ਼ਵਾਸ ਰੱਖਣ ਵਾਲੇ ਬੰਦੇ ਹਨ ਨੇਮ ਨਾਲ ਆਪਣੇ ਚਰਚ ਜਾਂਦੇ ਆ। ਕਈ ਲੋਕੀ ਕਹਿੰਦੇ ਆ ਪਈ ਅਗਲੇ ਮਹੀਨੇ ਇਲੈਕਸ਼ਨ ਆ ਤਾਂ ਆਏ ਆ ਇਹ। ਉਏ ਇਹਨਾਂ ਨੂੰ ਕੋਈ ਵੋਟਾਂ ਦਾ ਘਾਟੈ। ਨਾਲੇ ਅਸੀਂ ਜਿਹੜੇ ਇਹਨਾਂ ਦਾ ਖਾਣ ਵਾਲੇ ਹਾਂ ਕੀ ਦੇ ਸਕਦੇ ਹਾਂ ਇਹਨਾਂ ਨੂੰ। ਇਹ ਤਾਂ ਉਦਾਂ ਈ ਸਾਡਾ ਬਹੁਤ ਖਿਆਲ ਰਖਦੇ ਆ, ਜਿਦਾਂ ਪਈ ਅੱਜ ਸਵੇਰੇ ਈ ਕਹਿ ਰਹੇ ਸਨ ਕਿ ਜੇ ਇਹਨਾਂ ਦੀ ਪਾਰਟੀ ਚੁਣੀ ਗਈ ਤਾਂ ਇਮੀਗਰੇਸ਼ਨ ਵਿਚ ਬਹੁਤ ਨਰਮੀ ਕਰ ਦਿਤੀ ਜਾਵੇਗੀ। ਹੋਰ ਦਸੋ ਤੁਸੀਂ ਕੀ ਚਾਹੁੰਦੇ ਹੋ। ਜੇ ਤੁਹਾਨੂੰ ਭੁੱਖ ਤੋਂ ਛੁਟਕਾਰਾ ਮਿਲ ਜਾਏ ਦਸੋ ਹੋਰ ਤੁਸੀਂ ਖਜੂਰ ਤੇ ਚੜ੍ਹਨੈ।"

ਸਰਦਾਰ ਜੀ ਹੋਰੀਂ ਬੜੇ ਜੋਸ਼ ਨਾਲ ਬੋਲ ਰਹੇ ਸਨ। ਲੋਕਾਂ ਵਿਚ ਫੈਲ ਰਹੀ ਬੇਚੈਨੀ ਵੱਲ ਉਹਨਾਂ ਦਾ ਕੋਈ ਧਿਆਨ ਨਹੀਂ ਸੀ ਤੇ ਨਾ ਹੀ ਕੋਈ ਫਿਕਰ ਸੀ। "ਇਕ ਗੱਲ ਮੈਂ ਹੋਰ ਕਹਿਣੀ ਚਾਹੁਨਾ, ਆ ਕਈ ਸਾਡੇ ਨੌ-ਜਵਾਨ ਗਲਤ ਰਸਤਿਆਂ 'ਤੇ ਚਲ ਪਏ ਹਨ। ਪਰਚੇ ਜਿਹੇ ਲਿਖੀ ਫਿਰਦੇ ਆ ਇੰਡੀਆ ਵਾਰੇ। ਕਹਿੰਦੇ ਆ ਇੰਡੀਅਨ ਲੋਕਾਂ ਦੇ ਘੱਲ ਵਾਰੇ ਆ। ਮੈਨੂੰ ਤਾਂ ਇਹ ਨਈ ਪਤਾ ਲਗਦਾ ਪਈ ਲਗਦਾ ਪਈ ਇਹ ਕਿਹੜੇ ਲੋਕਾਂ ਦੀ ਗੱਲ ਕਰਦੇ ਆ ਜਿਹਨਾਂ ਨੂੰ ਇੱਲ ਦਾ ਨਾਂ ਕੁਕੜ ਨਈ ਆਉਂਦਾ? ਇੰਡੀਆ ਦੇ ਲੋਕੀਂ ਉਹ ਸਨ ਜਿਹਨਾਂ ਨੇ ਉਹਨਾਂ ਜਮਾਨਿਆਂ ਵਿਚ ਵਲੈਤਾਂ ਪਾਸ ਕੀਤੀਆਂ, ਵਕਾਲਤਾਂ ਪਾਸ ਕੀਤੀਆਂ ਤੇ ਹਾਕਮ ਦੀ ਰੱਗ ਰੱਗ ਤੋਂ ਜਾਣੂ ਹੋ ਕੇ ਬੜੇ 'ਪੀਸ-ਫੁਲ' ਤਰੀਕੇ ਨਾਲ ਆਜ਼ਾਦੀ ਲਈ।"

ਸਗਤ ਵਿਚ ਬਚੈਨੀ ਬਹੁਤ ਵਧ ਗਈ ਸੀ। ਲੋਕਾਂ ਦੀਆਂ ਆਵਾਜ਼ਾਂ ਸਰਦਾਰ ਸਾਹਿਬ ਜੀ ਦੀ ਸਪੀਕਰ ਰਾਹੀਂ ਆ ਰਹੀ ਭਾਰੀ ਆਵਾਜ਼ ਥੱਲੇ ਦਬੀਆਂ ਜਾ ਰਹੀਆਂ ਸਨ। ਹੁਣ ਸੰਗਤ ਵਿਚੋਂ ਇਕ ਜਣੇ ਨੇ ਉਠ ਕੇ ਬਾਂਹ ਹਵਾ ਵਿਚ ਉਚੀ ਲਹਿਰਾ ਕੇ ਕਿਹਾ, "ਅਸੀਂ ਇਹ ਬਕਵਾਸ ਨਹੀਂ ਸੁਨਣਾ ਚਾਹੁੰਦੇ। ਇਹ ਬਕਬਾਸ ਬੰਦ ਹੋਣੀ ਚਾਹੀਦੀ ਹੈ।"

ਸਰਦਾਰ ਸਾਹਿਬ ਜੀ ਹੋਰੀਂ ਆਪਣੇ ਭਾਸ਼ਨ ਨੂੰ ਭੰਗ ਹੁੰਦਿਆਂ ਦੇਖ ਕੇ ਗੁੱਸੇ ਨਾਲ ਲਾਲ ਹੋ ਗਏ ਤੇ ਉਹਨਾਂ ਹੋਰ ਜ਼ੋਰ ਨਾਲ ਕਹਿਣਾ ਸ਼ੁਰੂ ਕੀਤਾ "ਦੇਖੋ ਉਏ ਇਹ ਕੱਲ ਦੇ ਛੋਕਰਿਆਂ ਦੀ ਇੰਨੀ ਹਿੰਮਤ ਇਹਨਾਂ ਨੂੰ ਪਤਾ ਨਹੀਂ ਅਸੀਂ ਕੌਣ ਹੁੰਨੇ ਆ। ਉਏ ਪਤੈ ਮੇਰੇ ਡੈਡੀ ਨੇ ਕਿੰਨਾ ਪੈਸਾ ਖਰਚਿਆ ਇਹਨਾਂ ਗੁਰਦੁਆਰਿਆਂ ਤੇ। ਤੁਸੀਂ ਆ ਕੇ ਲਗੇ ਆਂ ਦੱਸਣ ਬਕਵਾਸ ਨਈ ਸੁਨਣੀ।" ਖੜੇ ਹੋ ਚੁਕੇ ਲੋਕਾਂ ਵਿਚ ਇਕ ਸਿਆਣੀ ਉਮਰ ਦਾ ਬੰਦਾ ਆਪਣੀ ਸੋਟੀ ਤੇ ਭਾਰ ਦਈ ਖੜਾ ਨਾਲ ਦਿਆਂ ਨੂੰ ਦਸ ਰਿਹਾ ਸੀ, "ਪਤਾ ਇਹਦੇ ਡੈਡੀ ਦਾ ਵੀ ਉਹਨੇ ਸਾਰੀ ਉਮਰ ਇਥੇ ਉਹ ਟੁੱਟੀ ਜਿਹੀ ਗੋਰੀ ਕਰ ਰੱਖੀ ਤੇ ਮਰਨ ਲਗੇ ਨੇ ਇਹਨੂੰ ਤਾਂ ਇਹਦੀ ਮਾਂ ਨੂੰ ਇਥੇ ਸਦਿਆ ਸੀ। ਹੁਣ ਲਗਾ ਆ ਬੁੜ੍ਹੇ ਦੀਆਂ ਸਿਫਤਾਂ ਕਰਨ।"

ਗੁਰਦੁਆਰੇ ਅੰਦਰ ਰੌਲਾ ਪੈ ਰਿਹਾ ਸੀ। ਲੋਕੀਂ ਟੋਲੀਆਂ ਵਿਚ ਖੜ੍ਹੇ ਗਲਾਂ ਕਰ ਰਹੇ ਸਨ। ਸਰਦਾਰ ਸਾਹਿਬ ਦੀ ਆਵਾਜ਼ ਹੁਣ ਰੌਲੇ ਵਿਚ ਗੁਆਚ ਰਹੀ ਸੀ। ਉਹਨਾਂ ਦੇ ਆਸੀਂ ਪਾਸੀਂ ਖੜੇ ਪ੍ਰਬੰਧਕ ਸੱਜਣ ਗੁੱਸੇ ਤੇ ਰੋਹਬ ਨਾਲ ਹੱਥ ਮਾਰ ਮਾਰ ਕੇ ਕਹਿ ਰਹੇ ਸਨ— ਸੱਭ ਆਪੋ ਆਪਣੀ ਜਗ੍ਹਾ ਬੈਠ ਜਾਓ ਨਹੀਂ ਤਾਂ ਬਾਹਰ ਕੱਢ ਦਿਤੇ ਜਾਉਗੇ—ਕੋਈ ਕਹਿ ਰਿਹਾ ਸੀ—ਪੁਲੀਸ ਨੂੰ ਫੂਨ ਕਰੋ ਕੋਈ—ਗ੍ਰੰਥੀ ਜੀ ਹੋਰੀਂ ਮਾਈਕ ਹੱਥ ਵਿਚ ਫੜਕੇ ਡਰਦੇ ਡਰਦੇ ਸੰਗਤਾਂ ਕੋਲੋਂ ਚੁਪ ਦਾ ਦਾਨ ਮੰਗਣ ਲਗੇ।

ਸਰਦਾਰ ਸਾਹਿਬ ਜੀ ਹੋਰੀਂ ਤੇ ਉਹਨਾਂ ਦੇ ਪ੍ਰਬੰਧਕ ਸਾਥੀ ਆਏ ਹੋਏ ਪ੍ਰਾਹੁਣੇ ਨੂੰ, ਜਿਹੜੇ ਕਿ ਅਜੇ ਵੀ ਪੂਰੇ ਮੂੰਹ 'ਤੇ ਮੁਸਕਰਾਹਟ ਖਿਲਾਰੀ ਲੋਕਾਂ ਨੂੰ ਵੰਡ ਰਹੇ ਸਨ, ਨਾਲ ਲੈ ਕੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਨਿਕਲ ਗਏ।

(Burnaby, B.C.)


FOR ALL YOUR GROCERY REQUIREMENTS
EAST INDIAN AND CANADIAN
VISIT

J. B. FOODS

6607 MAIN STREET (Corner of 50th)
321-0224

4531 MAIN STREET (At 29th)
874-3474

We also carry Fresh fruits and vegetables. Special Discount for AKHAND PATHS and weddings.
*For FREE delivery phone 321-0224*

# ਪੰਜਾਬ ਵਿਚ ਨਕਸਲਬਾੜੀ ਲਹਿਰ ਦੇ ਸ਼ਹੀਦ

(ਭਾਰਤ ਵਿਚ ਹੋਰਨਾਂ ਦੇਸਾਂ ਵਾਂਗ ਹੀ ਲੋਕਾਂ ਦੀ ਖੁਸ਼ਹਾਲੀ ਤੇ ਹੱਕਾਂ ਦੀ ਜੰਗ ਲਈ ਸਮੇਂ ਸਮੇਂ ਲਹਿਰਾਂ ਉਠਦੀਆਂ ਰਹੀਆਂ ਹਨ। ਉਹਨਾਂ ਵਿਚ ਅਣਗਿਣਤ ਕਰਤਾਰ ਸਿੰਘ ਸਰਾਭੇ ਤੇ ਭਗਤ ਸਿੰਘ ਕੁਰਬਾਨੀਆਂ ਦਿੰਦੇ ਰਹੇ ਹਨ। ਉਸੇ ਘੋਲ ਦੀ ਲੜੀ ਵਿਚ ਹੁਣੇ ਹੁਣੇ ਚੱਲੀ ਇਕ ਲਹਿਰ, ਜਿਸ ਨੂੰ ਨਕਸਲਬਾੜੀ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ, ਵਿਚ ਵੀ ਅਨੇਕਾਂ ਭਾਰਤੀ ਸੂਰਬੀਰ ਆਪਣੀਆਂ ਜਾਨਾਂ ਵਾਰ ਗਏ ਹਨ। ਦੇਸ ਦੇ ਹਰ ਕੋਨੇ ਵਿਚ ਪੁਲੀਸ ਨੇ ਲੋਕਾਂ ਤੇ ਅੰਨ੍ਹਾ ਤਸ਼ੱਦਦ ਕੀਤਾ। ਹੇਠਾਂ ਅਸੀਂ ਸਿਰਫ ਪੰਜਾਬ ਵਿਚਲੇ ਸ਼ਹੀਦਾਂ ਦੀ ਇਕ ਸੂਚੀ ਦੇ ਰਹੇ ਹਾਂ। — ਸੰਪਾਦਕ)

| ਨੰ: | ਨਾਂ | ਪਿੰਡ | ਜ਼ਿਲ੍ਹਾ | ਵੇਰਵਾ |
|---|---|---|---|---|
| 1 | ਬਲਵੰਤ ਸਿੰਘ (30) | ਖੜਾ | ਪਟਿਆਲਾ | 25.3.70 ਨੂੰ ਬਡਵਾਲੀ ਪਿੰਡ 'ਚੋਂ ਗ੍ਰਿਫਤਾਰ ਕਰਕੇ, ਬੇਤਹਾਸ਼ਾ ਤਸ਼ੱਦਦ ਤੋਂ ਬਾਅਦ, ਰਾਤ ਨੂੰ ਖੇੜੀ ਸ਼ਲਾਬਤ ਪੁਰ (ਰੋਪੜ) ਲਾਗੇ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ ਗਈਆਂ। |
| 2 | ਉਜਾਗਰ ਸਿੰਘ (32) | ਬਡਵਾਲੀ | ਰੋਪੜ | |
| 3 | ਦਰਬਾਰਾ ਸਿੰਘ (32) | ਰਸ਼ੀਦਪੁਰ | ਰੋਪੜ | |
| 4 | ਦਯਾ ਸਿੰਘ (35) | ਖਰੜ | ਰੋਪੜ | 27.3.70 ਨੂੰ ਪਿੰਡ ਝੁੰਗੀਆਂ (ਪਟਿਆਲਾ) ਦੇ ਪ੍ਰਾਇਮਰੀ ਸਕੂਲ ਮਾਸਟਰ ਤਰਸੇਮ ਬਾਵਾ ਦੇ ਘਰੋਂ ਗ੍ਰਿਫਤਾਰ ਕਰਕੇ, ਅੰਤਾਂ ਦੇ ਤਸ਼ੱਦਦ ਤੋਂ ਬਾਅਦ, ਰਾਤ ਨੂੰ ਉਗਨੀ ਪਿੰਡ ਕੋਲ ਲਿਜਾ ਕੇ ਗੋਲੀ ਮਾਰ ਦਿੱਤੀ ਗਈ। |
| 5 | ਬਾਬਾ ਹਰੀ ਸਿੰਘ ਮਰਗਿੰਦ (75) | ਮਰਗਿੰਦ ਪੁਰ | ਪਟਿਆਲਾ | |
| 6 | ਗੁਲਜਾਰਾ ਸਿੰਘ (45) | ਭੱਠਲ | ਸੰਗਰੂਰ | 12.5.70 ਦੀ ਸਵੇਰ ਨੂੰ ਹਰੀਗੜ੍ਹ ਪਿੰਡ 'ਚ ਘੇਰਾ ਪਾ ਕੇ ਗੋਲੀ ਮਾਰੀ ਗਈ। |
| 7 | ਬਾਬਾ ਬੂੜਾ ਸਿੰਘ (80) | ਚੱਕ ਮਾਈ ਦਾਸ | ਜਲੰਧਰ | ਫਲੌਰ ਨੇੜੇ ਪਿੰਡ ਨਗਰ 'ਚੋਂ ਫੜ ਕੇ 28.7.70 ਨੂੰ ਸਵੇਰ ਦੇ ਦੋ ਵਜੇ ਸਤਾਰਾ ਪੁਲ ਤੇ ਲਿਜਾ ਕੇ ਗੋਲੀ ਮਾਰੀ ਗਈ। |
| 8 | ਦਲੀਪ ਸਿੰਘ (45) | ਕਿਲਾ ਹਕੀਮਾਂ | ਸੰਗਰੂਰ | 9.8.70 ਨੂੰ ਸਵੇਰੇ 6 ਵਜੇ ਪਿੰਡ ਖੁੱਡੀ ਕਲਾਂ ਤੋਂ ਗ੍ਰਿਫਤਾਰ ਕਰਕੇ ਦੁਪਿਹਰ ਦੋ ਵਜੇ ਪੱਖੋ ਕੈਂਚੀਆਂ ਦੇ ਨਜ਼ਦੀਕ ਜੀਪਾਂ ਪਿੱਛੇ ਬੰਨ੍ਹ ਕੇ ਘੜੀਸਣ ਤੋਂ ਬਾਅਦ ਗੋਲੀ ਮਾਰ ਦਿੱਤੀ ਗਈ। |
| 9 | ਬਾਬੂ ਸਿੰਘ (32) | ਕਿਲਾ ਹਕੀਮਾਂ | ਸੰਗਰੂਰ | |
| 10 | ਨਿਰੰਜਨ ਸਿੰਘ ਅਕਾਲੀ (70) | ਕਾਲਸਾਂ | ਸੰਗਰੂਰ | |
| 11 | ਅਰਜਨ ਸਿੰਘ (28, | ਡੇਰਾ ਬਾਬਾ ਨਾਨਕ ਦੇ ਨਜ਼ਦੀਕ | ਗੁਰਦਾਸ ਪੁਰ | 16.8.70 ਨੂੰ ਅਰਬਵਾਲ ਲਾਗੇ ਨਹਿਰ ਤੋਂ ਫੜ ਕੇ ਹਾਜੀਪੁਰ ਦੇ ਲਾਗੇ ਜੰਡਵਾਲ ਦੇ ਠਾਕਰ ਦੁਆਰੇ ਕੋਲ ਲਿਜਾ ਕੇ ਗੋਲੀਆਂ ਨਾਲ ਭੁੰਨ ਸੁੱਟਿਆ ਗਿਆ। |
| 12 | ਤਰਲੋਚਨ ਸਿੰਘ (2 ) | ਬਾਬਕ | ਹੁਸ਼ਿਆਰ ਪੁਰ | |
| 13 | ਰਵਿੰਦਰ ਸਿੰਘ (19) | ਜਗਤ ਪੁਰ | ਜਲੰਧਰ | 11-12 ਸਤੰਬਰ 70 ਦੀ ਰਾਤ ਨੂੰ ਗ੍ਰਿਫਤਾਰ ਕਰਕੇ, ਬੇਤਹਾਸ਼ਾ ਤਸ਼ੱਦਦ ਤੋਂ ਬਾਅਦ, ਨਵਾਂਸ਼ਹਿਰ—ਕਲਾਮ ਸੜਕ ਤੇ ਲਿਜਾ ਕੇ ਗੋਲੀ ਮਾਰ ਦਿੱਤੀ ਗਈ। |
| 14 | ਇਕਬਾਲ ਸਿੰਘ (25) | ਮੰਗੂਵਾਲ | ਜਲੰਧਰ | 1.1 71 ਨੂੰ ਖਾਨਖਾਨਾ ਪਿੰਡ ਦੇ ਨੇੜੇ ਗੋਲੀ ਮਾਰਨ ਤੋਂ ਬਾਅਦ 'ਮੁਕਾਬਲੇ' ਦੀ ਕਹਾਣੀ ਬਣਾਈ ਗਈ। |

| ਨੰ: | ਨਾਂ | ਪਿੰਡ | ਜਿਲ੍ਹਾ | ਵੇਰਵਾ |
|---|---|---|---|---|
| 15 | ਰਣਕ ਸਿੰਘ (50) | ਚੜ੍ਹੀ | ਲੁਧਿਆਣਾ | ਜਲੰਧਰ ਜੇਲ ਤੋਂ ਰੀਮਾਂਡ ਲੈ ਕੇ ਗਈ ਰੋਪੜ ਪੁਲਸ ਨੇ ਫਰਵਰੀ ਦੇ ਅਖੀਰ ਚ ਅਤਾਂ ਦਾ ਜ਼ਬਰ ਢਾਹੁਣ ਤੋਂ ਬਾਅਦ ਕਤਲ ਕਰ ਦਿੱਤਾ। |
| 16 | ਟਹਿਲ ਸਿੰਘ (20) | ਲਹਿਰਾ | ਹੁਸ਼ਿਆਰ ਪੁਰ | 19-20 ਫਰਵਰੀ '71 ਦੀ ਰਾਤ ਨੂੰ ਗੜ੍ਹਸ਼ੰਕਰ ਦੇ ਕਿਸ ਪਿੰਡ 'ਚੋਂ ਗ੍ਰਿਫਤਾਰ ਕਰਕੇ, ਵਹਿਸ਼ੀ ਕੁੱਟਮਾਰ ਤੋਂ ਪਿੱਛੋਂ, ਨਿਆਣਾ ਪੱਤਣ ਕੋਲ ਲਿਜਾ ਕੇ ਗੋਲੀਆਂ ਨਾਲ ਭੁੰਨ ਸੁੱਟਿਆ ਗਿਆ। |
| 17 | ਅਜੀਤ ਰਾਮ (26) | ਗੜ੍ਹਸ਼ੰਕਰ | ਹੁਸ਼ਿਆਰ ਪੁਰ | |
| 18 | ਹਰੀ ਸਿੰਘ (38) | ਭੱਟੀਵਾਲ ਕਲਾਂ | ਸੰਗਰੂਰ | 6 3.71 ਦੀ ਸ਼ਾਮ ਨੂੰ ਬੱਮਣਾ (ਪਟਿਆਲਾ) ਪਿੰਡ ਦੇ ਨੇੜੇ ਗੋਲੀਆਂ ਨਾਲ ਭੁੰਨ ਕੇ 'ਮੁਕਾਬਲੇ' ਦਾ ਡਰਾਮਾ ਰਚਿਆ ਗਿਆ। |
| 19 | ਰਾਮ ਸਿੰਘ 40) | ਭੱਟੀਵਾਲ ਕਲਾਂ | ਸੰਗਰੂਰ | |
| 20 | ਦੀਤ ਸਿੰਘ (22) | ਰਾਜੇਆਣਾ | ਫਰੀਦਕੋਟ | 25.2.71 ਨੂੰ ਫਿਰੋਜ਼ਪੁਰ ਸ਼ਹਿਰ 'ਚੋਂ ਕਾਲਜ ਦੇ ਸਾਹਮਣੇ ਚਾਹ ਦੀ ਦੁਕਾਨ ਤੇ ਬੈਠੇ ਨੂੰ ਗ੍ਰਿਫਤਾਰ ਕੀਤਾ ਗਿਆ। ਕਹਿਰਾਂ ਦਾ ਤਸ਼ੱਦਦ ਢਾਹੁਣ ਤੋਂ ਬਾਅਦ 7 ਮਾਰਚ ਦੀ ਸਵੇਰ ਨੂੰ ਧਰਮਕੋਟ ਦੇ ਨੇੜੇ ਨਹਿਰ ਦੇ ਪੁਲ ਤੇ ਲਿਜਾ ਕੇ ਗੋਲੀ ਮਾਰ ਦਿਤੀ ਗਈ। |
| 21 | ਬਖਸ਼ੀਸ਼ ਸਿੰਘ (24) | ਮੋਹਕਰੀਮਾਂ | ਲੁਧਿਆਣਾ | 20.3.71 ਦੀ ਸ਼ਾਮ ਨੂੰ ਨਵਾਂਸ਼ਹਿਰ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕੀਤਾ ਗਿਆ। ਆਪਣੇ ਦੁਆਰਾ ਚਲਾਏ ਗਏ ਹੈਂਡਗਰਨੇਡ ਨਾਲ 4-5 ਪੁਲਸੀਆਂ ਸਮੇਤ ਆਪ ਵੀ ਸਖਤ ਜ਼ਖਮੀ ਹਾਲਤ 'ਚ ਦਮ ਤੋੜ ਗਿਆ |
| 22 | ਰਾਮ ਮੂਰਤੀ (25) | ਸਿਆੜ੍ਹਾ | ਰੋਪੜ | 25 ਮਾਰਚ ਦੀ ਰਾਤ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚੋਂ ਗ੍ਰਿਫਤਾਰ ਕਰਕੇ ਅਪ੍ਰੈਲ ਦੇ ਅੰਤ ਵਿਚ ਕਤਲ ਕਰਕੇ ਖਪਾ ਦਿੱਤਾ। |
| 23 | ਰਾਮ ਕਰਨ (18) | ਗਦਾ ਪੁਰ | ਪਟਿਆਲਾ | 8 ਅਪ੍ਰੈਲ ਨੂੰ ਧਨੌਰ (ਪਟਿਆਲਾ) ਕਸਬੇ ਦੇ ਨੇੜੇ ਗੋਲੀਆਂ ਮਾਰਕੇ ਕਤਲ ਕੀਤਾ ਗਿਆ। |
| 24 | ਤਰਸੇਮ ਬਾਵਾ (30) | ਦੋਰਾਹਾ | ਲੁਧਿਆਣਾ | 25 ਮਈ ਦੀ ਸ਼ਾਮ ਨੂੰ ਲੁਧਿਆਣੇ ਦੇ ਬੱਸ ਸਟੈਂਡ ਤੋਂ ਫੜ ਕੇ ਰਾਤ ਨੂੰ ਜਗੇੜੀ ਪੁਲ ਤੇ ਲਿਜਾ ਕੇ ਗੋਲੀ ਮਾਰ ਦਿੱਤੀ ਗਈ। |
| 25 | ਉਜਾਗਰ ਸਿੰਘ (45) | ਝੁੱਗੀਆਂ | ਹੁਸ਼ਿਆਰ ਪੁਰ | ਅਗਸਤ 70 'ਚ ਪੁਲਸੀ ਤਸ਼ੱਦਦ ਕਾਰਨ ਹੁਸ਼ਿਆਰਪੁਰ ਜੇਲ੍ਹ ਵਿਚ ਮੌਤ ਹੋ ਗਈ। |
| 26 | ਹਰਮੀਤ ਸਿੰਘ (23) | ਚਿੱਤਗੜ੍ਹ | ਰੋਪੜ | ਅਪ੍ਰੈਲ 71 ਦੇ ਅਖੀਰ ਵਿਚ ਗੋਬਿੰਦਗੜ੍ਹ ਦੇ ਨੇੜੇ ਪਿੰਡ ਤਲਵੰਡਾ 'ਚੋਂ ਫੜਕੇ ਕਤਲ ਕਰਕੇ ਖਪਾ ਦਿੱਤਾ ਗਿਆ। |
| 27 | ਪਰੀਤਮ ਦਾਸ × | ਕਕਰਾਲਾ ਕਲਾਂ | ਲੁਧਿਆਣਾ | 17 ਅਪਰੈਲ 71 ਨੂੰ ਘਰੋਂ ਲੋਕਾਂ ਦੇ ਸਾਹਮਣੇ ਗ੍ਰਿਫਤਾਰ ਕਰਕੇ ਪੁਲਸ ਨੇ ਕਿਧਰੇ ਖਪਾ ਦਿੱਤਾ। |
| 28 | ਸ਼ਿਵ ਲਾਲ (22) | ਵੰਗਾਂਵਾਲੀ | ਸੰਗਰੂਰ | ਗੁਰੂ ਨਾਨਕ ਇੰਜਨੀਰਿੰਗ ਕਾਲਜ ਲੁਧਿਆਣਾ ਦਾ ਆਖਰੀ ਸਾਲ ਦਾ ਵਿਦਿਆਰਥੀ ਮਾਰਚ-ਅਪਰੈਲ 1971 'ਚ ਹੁਸ਼ਿਆਰ ਪੁਰ ਜ਼ਿਲੇ 'ਚੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਲਾਪਤਾ। |
| 29 | ਜੀਤ ਸਿੰਘ (23) | ਸੀਕਰੀ | ਹੁਸ਼ਿਆਰ ਪੁਰ | 23,5.71 ਨੂੰ ਹੁਸ਼ਿਆਰਪੁਰ ਦੇ ਮੁਕੇਰੀਆਂ ਲਾਗਿਉਂ ਪੰਜਾਂ ਜਣਿਆਂ ਨੂੰ ਫੜ ਕੇ ਗ੍ਰਿਫਤਾਰ ਕਰਨ ਤੋਂ ਬਾਅਦ ਗੋਲੀਆਂ ਮਾਰ ਦਿੱਤੀਆਂ ਗਈਆਂ। |
| 30 | ਕਸ਼ਮੀਰ ਸਿੰਘ (22) | ਬੱਜੂਮਾਨ | ਅਮ੍ਰਿਤਸਰ | |
| 31 | ਭੋਲਾ ਸਿੰਘ (24) | ਗੁਰੂਸਰ | ਬਠਿੰਡਾ | ਜੂਨ 71 ਦੇ ਅਖੀਰਲੇ ਦਿਨੀਂ ਨੰਗਲ ਕਲਾਂ ਪਿੰਡ 'ਚੋਂ ਗ੍ਰਿਫਤਾਰ ਕੀਤੇ ਗਏ। ਘੋਰ ਤਸ਼ੱਦਦ ਤੋਂ ਬਾਅਦ ਕਤਲ ਕਰਕੇ ਖਪਾ ਦਿਤਾ ਗਿਆ। |
| 32 | ਦਰਸ਼ਨ ਸਿੰਘ (20) | ਸੁਖਲੱਧੀ | ਬਠਿੰਡਾ | |
| 33 | ਗੁਰਬਤਾ ਸਿੰਘ (23) | ਰਾਇਪੁਰ | ਬਠਿੰਡਾ | 14.7.71 ਨੂੰ ਕੁਸਲਾ ਪਿੰਡ ਦੇ ਨੇੜੇ ਗ੍ਰਿਫਤਾਰ ਕਰਕੇ, ਪੱਟਿਆਂ ਬੱਧੀ ਅੰਨ੍ਹੇ ਤਸ਼ੱਦਦ ਤੋਂ ਬਾਦ ਨਹਿਰ ਦੇ ਹੈੱਡ ਕੋਲ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ ਗਈਆਂ। |
| 34 | ਤੇਜਾ ਸਿੰਘ (30) | ਬਬਨਪੁਰ | ਹਿਸਾਰ | |
| 35 | ਸਵਰਣ ਸਿੰਘ (24) | ਬੋਹਾ | ਬਠਿੰਡਾ | |
| 36 | ਮਿਹਰ ਸਿੰਘ (22) | ਮੰਡਵੀ | ਸੰਗਰੂਰ | ਸਤੰਬਰ 71 ਵਿਚ ਮੇਦੇਵਾਸ-ਮੰਜੇਵਾਲ ਪਿੰਡਾਂ ਦੀ ਜੂਹ 'ਚੋਂ ਫੜ ਕੇ ਤਸ਼ੱਦਦ ਤੋਂ ਬਾਅਦ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਤੇ ਲਾਸ਼ ਨੂੰ ਗਾਇਬ ਕਰ ਦਿਤਾ ਗਿਆ। |

| ਨੰ: | ਨਾਂ | ਪਿੰਡ | ਜ਼ਿਲ੍ਹਾ | ਵੇਰਵਾ |
|---|---|---|---|---|
| 37 | ਰਣਜੀਤ ਸਿੰਘ (30) | ਨੰਗਲ ਕਲਾ | ਬਠਿੰਡਾ | 7.10 71 ਨੂੰ ਸਵੇਰੇ 10 ਵਜੇ ਜਵਾਹਰ ਕੇ ਪੁਲ ਤੋਂ ਚੁੱਕ ਕੇ ਕਤਲ ਕਰਨ ਤੋਂ ਬਾਅਦ ਖਪਾ ਦਿੱਤਾ ਗਿਆ। |
| 38 | ਹਰਨੇਕ ਸਿੰਘ (40) | ਸਰਦੂਲ ਗੜ੍ਹ | ਬਠਿੰਡਾ | ਅਕਤੂਬਰ 71 ਦੇ ਦੂਜੇ ਹਫਤੇ ਪਿੰਡ ਵਿਚ ਹੀ ਚਿੱਟ ਕਪੜੀਏ ਪੁਲਸੀਆਂ ਦੁਆਰਾ ਕਤਲ ਕੀਤਾ ਗਿਆ। |
| 39 | ਜਸਪਾਲ ਸਿੰਘ (18) | ਬਾਲਦ ਕਲਾਂ | ਸੰਗਰੂਰ | 28.8,71 ਨੂੰ ਪਟਿਆਲੇ ਵਿਖੇ ਡੀ. ਐਸ. ਪੀ. ਸਕੰਦਰ ਸਿੰਘ ਦੇ ਮੁੰਡੇ ਨੇ ਗੋਲੀ ਮਾਰ ਕੇ ਮਾਰ ਦਿੱਤਾ। |
| 40 | ਅਮਰਜੀਤ ਸਿੰਘ (23) | ਕਰਬਾਲੀਆਂ | ਗੁਰਦਾਸ ਪੁਰ | 25.9 71 ਨੂੰ ਪਿੰਡ ਕਰਬਾਲੀਆਂ 'ਚੋਂ ਅਮਰਜੀਤ ਸਿੰਘ ਦੇ ਘਰੋਂ ਫੜਕੇ ਦਿਨ-ਦਿਹਾੜੇ ਸੈਂਕੜੇ ਲੋਕਾਂ ਸਾਹਮਣੇ ਤਾਰਾਗੜ੍ਹ ਦੇ ਖੇਤਾਂ 'ਚ ਗੋਲੀਆਂ ਨਾਲ ਭੁੰਨ ਸੁੱਟੇ ਗਏ। |
| 41 | ਰਾਜਿੰਦਰ ਸਿੰਘ (22) | ਸ਼ਾਮਪੁਰਾ | ਗੁਰਦਾਸ ਪੁਰ | |
| 42 | ਨਿਰਮਲ ਸਿੰਘ (25) | ਡਰਲੀ ਖੁਰਦ | ਜਲੰਧਰ | 17.12.71 ਨੂੰ ਹੁਸ਼ਿਆਰਪੁਰ ਜ਼ਿਲੇ ਵਿਚ ਨਸਰਾਲਾ ਚੋਅ ਦੇ ਪੁਲ ਤੋਂ ਗ੍ਰਿਫਤਾਰ ਕਰਕੇ ਰਾਤ ਨੂੰ ਭੀਖੋਵਾਲ ਨੇੜੇ ਲਿਜਾ ਕੇ ਗੋਲੀਆ ਮਾਰੀਆਂ ਗਈਆਂ। |
| 43 | ਸੁਰਜੀਤ ਸਿੰਘ (20) | ਬਾਗੜੀਆਂ | ਪਟਿਆਲਾ | 25.12.71 ਨੂੰ ਭਵਾਨੀਗੜ੍ਹ ਥਾਣੇ ਦੇ ਨਦਾਮਪੁਰ ਕੋਲੋਂ ਗ੍ਰਿਫਤਾਰ ਕਰਕੇ, ਕਈ ਦਿਨ ਅਮਲੋਹ ਥਾਣੇ 'ਚ ਤਸੀਹੇ ਦੇਣ ਤੋਂ ਬਾਅਦ. ਰਾਤ ਨੂੰ ਤੰਦਾਬੱਧਾਂ ਪਿੰਡ ਦੇ ਨਹਿਰ ਦੇ ਪੁਲ ਤੇ ਕਤਲ ਕਰਕੇ ਖਪਾ ਦਿੱਤਾ। |
| 44 | ਪਵਨ ਕੁਮਾਰ (28) | ਬਾਲਦ ਕਲਾਂ | ਸੰਗਰੂਰ | 31.12.71 ਨੂੰ ਘੱਗਾ ਪਿੰਡ (ਪਟਿਆਲਾ) 'ਚੋਂ ਫੜਕੇ, ਕਤਲ ਕਰਨ ਤੋਂ ਬਾਅਦ ਲਾਸ਼ਾਂ ਨੂੰ ਕਿਧਰੇ ਖਪਾ ਦਿੱਤਾ ਗਿਆ। |
| 45 | ਮਹਿੰਦਰ ਸਿੰਘ | ਰਾਮ ਗੜ੍ਹ | ਸੰਗਰੂਰ | |
| 46 | ਨਛੱਤਰ ਸਿੰਘ (20) | ਰਾਏਪੁਰ | ਬਠਿੰਡਾ | 1972 ਦ ਸ਼ੁਰੂ ਵਿਚ ਬਠਿੰਡਾ ਸ਼ਹਿਰ 'ਚੋਂ ਇਕ ਪ੍ਰੋਫੈਸਰ ਦੇ ਘਰੋਂ ਗ੍ਰਿਫਤਾਰ ਕਰਨ ਤੋਂ ਬਾਅਦ, ਘੋਰ ਤਸੀਹੇ ਦੇ ਕੇ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਕਿਧਰੇ ਗਾਇਬ ਕਰ ਦਿੱਤਾ। |
| 47 | ਪਿਆਰਾ ਸਿੰਘ (32) | ਦੱਧਾਹੂਰ | ਸੰਗਰੂਰ | ਜਨਵਰੀ 72 'ਚ ਸ਼ੇਰਪੁਰ ਥਾਣੇ ਦੇ ਇਕ ਪਿੰਡ 'ਚੋਂ ਗ੍ਰਿਫ਼ਤਾਰ ਕੀਤੇ ਗਏ। ਅੰਤਾਂ ਦਾ ਤਸ਼ੱਦਦ ਢਾਹੁਣ ਤੋਂ ਬਾਅਦ ਬਰਨਾਲੇ ਨੇੜੇ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ ਗਈਆਂ। |
| 48 | ਬੇਅੰਤ ਸਿੰਘ (2[illegible]) | ਮੂੰਮਾ | ਸੰਗਰੂਰ | |
| 49 | ਸ਼ਰੀਫ ਮੁਹੰਮਦ (40) | ਕਾਂਝਲਾਂ | ਸੰਗਰੂਰ | |
| 50 | ਇਨਕਲਾਬੀ ਹਰਬੰਸ ਸਿੰਘ ਦਾ ਪਿਤਾ | ਸੰਘੇੜਾ | ਸਗਰੂਰ | 72 ਦੇ ਸ਼ੁਰੂ ਵਿਚ ਘਰੋਂ ਫੜ ਕੇ ਤਸੀਹੇ ਦੇ ਕੇ ਕਤਲ ਕਰਨ ਤੋਂ ਬਾਅਦ ਖਪਾ ਦਿੱਤਾ। |
| 51 | ਅਵਤਾਰ ਸਿੰਘ (21) | ਖੜੀ | ਸਗਰੂਰ | 72 ਦੇ ਮੁੱਢ 'ਚ ਪਿੰਡ ਕਾਤਰੋਂ ਤੋਂ ਗ੍ਰਿਫਤਾਰ ਕਰ ਕੇ ਕਤਲ ਕਰਨ ਤੋਂ ਬਾਅਦ ਖਪਾ ਦਿੱਤਾ। |
| 52 | ਗੁਰਦੇਵ ਸਿੰਘ ਦਰਦੀ (24) | ਖਿਆਲੀ | ਸੰਗਰੂਰ | 72 ਦੇ ਸ਼ੁਰੂ ਵਿਚ ਗ੍ਰਿਫਤਾਰ ਕਰਨ ਤੋਂ ਬਾਅਦ ਕਤਲ ਕਰਕੇ ਲਾਸ਼ ਗਾਇਬ ਕਰ ਦਿੱਤੀ ਗਈ। |
| 53 | ਰਾਜ ਕਿਸ਼ੋਰ (20) | ਮਹਿਲ ਕਲਾਂ | ਸੰਗਰੂਰ | 72 ਦੇ ਸ਼ੁਰੂ ਵਿਚ ਬਰਨਾਲੇ ਦੇਇਕ ਸਿਨਮਾ ਘਰ ਤੋਂ ਗ੍ਰਿਫਤਾਰ ਕਰ ਕੇ ਘੋਰ ਤਸ਼ੱਦਦ ਤੋਂ ਬਾਅਦ ਕਤਲ ਕਰਕੇ ਖਪਾ ਦਿੱਤਾ। |
| 54 | ਬਾਲਾ ਸਿੰਘ | ਬਿਲਾਸਪੁਰ | ਫਰੀਦਕੋਟ | ਇਨ੍ਹਾਂ ਹੀ ਦਿਨਾਂ ਵਿਚ ਜ਼ਿਲਾ ਫਰੀਦਕੋਟ ਦੇ ਪਿੰਡ ਬਿਲਾਸਪੁਰ ਦਾ ਇਕ ਫੌਜ 'ਚੋਂ ਆਇਆ ਇਨਕਲਾਬੀ ਨੌਜਵਾਨ ਗ੍ਰਿਫ਼ਤਾਰ ਕਰਕੇ ਵਹਿਸ਼ੀ ਤਸ਼ੱਦਦ ਤੋਂ ਬਾਅਦ ਕਤਲ ਕਰਕੇ ਖਪਾ ਦਿਤਾ। |
| 55 | ਉਂਕਾਰ ਸਿੰਘ (25) | ਕਲੋਆ | ਹੁਸ਼ਿਆਰ ਪੁਰ | 1.3.72 ਨੂੰ ਹੁਸ਼ਿਆਰ ਪੁਰ ਕੋਲੋਂ ਗ੍ਰਿਫਤਾਰ ਕਰਕੇ. ਤਸ਼ੱਦਦ ਤੋਂ ਬਾਅਦ. ਰਾਤ ਨੂੰ ਮਾਡਲ ਟਾਊਨ ਦੇ ਬਾਹਰ ਗੋਲੀਆਂ ਨਾਲ ਭੁੰਨਕੇ 'ਮੁਕਾਬਲੇ' ਦੀ ਕਹਾਣੀ ਘੜੀ ਗਈ। |
| 56 | ਲਛਮਨ ਸਿੰਘ (21) | ਰਾਇਪੁਰ | ਬਠਿੰਡਾ | ਜੂਨ 72 ਵਿਚ ਪਿੰਡ ਚਾਉਕੇ ਦੇ ਖੇਤਾਂ 'ਚੋਂ ਸੈਂਕੜੇ ਲੋਕਾਂ ਸਾਹਮਣੇ ਘੇਰਾ ਪਾ ਕੇ ਗ੍ਰਿਫਤਾਰ ਕੀਤੇ ਗਏ। ਬਾਅਦ ਵਿਚ ਮਾਨਸਾ ਪੁਲ ਸ[illegible] ਕਤਲ ਕਰਕੇ, ਲਾਸ਼ਾਂ ਨੂੰ ਗਾਇਬ ਕਰ ਦਿੱਤਾ। |
| 57 | ਜ਼ੈਲਾ ਸਿੰਘ (22) | ਬੁਰਜ | ਬਠਿੰਡਾ | |

| ਨੰ: | ਨਾਂ | ਪਿੰਡ | ਜਿਲ੍ਹਾ | ਵੇਰਵਾ |
|---|---|---|---|---|
| 58 | ਬਲਦੇਵ ਕ੍ਰਿਸ਼ਨ (27) | ਗੁਪਾਲ ਕੋਟਲਾ | ਰੋਪੜ | ਸਤੰਬਰ 72 ਦੇ ਪਹਿਲੇ ਹਫਤੇ ਬਸੀ ਪਠਾਣਾਂ ਤੋਂ ਦਿਨ-ਦਿਹਾੜੇ ਗ੍ਰਿਫਤਾਰ ਕੀਤਾ ਗਿਆ ਅਤੇ ਤਸੀਹੇ ਦੇਣ ਤੋਂ ਬਾਅਦ ਕਤਲ ਕਰਕੇ ਖਪਾ ਦਿੱਤਾ। |
| 59 | ਕਰਤਾਰ ਸਿੰਘ (45) | ਕੁੱਲਵਾਲ | ਹੁਸ਼ਿਆਰ ਪੁਰ | 10.6.73 ਦੀ ਦੁਪਿਹਰ ਨੂੰ ਸਰਹਾਲਾ ਖੁਰਦ ਨੇੜੇ ਖੂਹ ਤੋਂ ਫੜਕੇ ਗੋਲੀਆਂ ਨਾਲ ਭੁੰਨ ਸੁੱਟਿਆ ਗਿਆ। |
| 60 | ਗੁਰਦਿਆਲਸਿੰਘ (30) | ਸਰਹਾਲਾ ਖੁਰਦ | ਹੁਸ਼ਿਆਰ ਪੁਰ | |
| 61 | ਸਵਰਨ ਸਿੰਘ (25) | ਹਰੀਪੁਰ ਵੱਡਾ | ਜਲੰਧਰ | 9.9.73 ਕਾਲਾ ਸੰਘਿਆ 'ਚ ਪੁਲਸ-ਵਿਰੋਧੀ ਮੁਜ਼ਾਹਰੇ 'ਚੋਂ ਗ੍ਰਿਫ-ਤਾਰ ਕਰਕੇ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਸਖਤ ਜ਼ਖਮੀ ਹਾਲਤ ਵਿਚ ਹਸਪਤਾਲ ਜਾ ਕੇ ਦਮ ਤੋੜ ਗਏ। |
| 62 | ਤਰਸੇਮ ਲਾਲ (26) | ਟੁੱਟ ਸ਼ੇਰਾਂ | ਜਲੰਧਰ | |
| 63 | ਗੁਰਦੀਪ ਸਿੰਘ (33) | ਗੋਂਦ ਪੁਰ | ਜਲੰਧਰ | ਸਤੰਬਰ 73 ਵਿਚ ਪਿੰਡ ਚਿੱਟੀ ਵਿਖੇ ਪੁਲਸ ਟਾਊਟਾਂ ਦੁਆਰਾ ਬੇ-ਰਹਿਮੀ ਨਾਲ ਕਤਲ ਕੀਤਾ ਗਿਆ। |
| 64 | ਤਜਾ ਸਿੰਘ (27) | ਕਾਲਾ ਸੰਘਿਆਂ | ਕਪੂਰਥਲਾ | 12 ਦਸੰਬਰ 73 ਨੂੰ ਮੀਰਪੁਰ ਮਾੜੀਆਂ ਵਿਚ ਗ੍ਰਿਫਤਾਰੀ ਸਮੇਂ ਸਖਤ ਜ਼ਖਮੀ ਹਾਲਤ ਵਿਚ ਹਸਪਤਾਲ ਜਾ ਕੇ ਮੌਤ ਹੋ ਗਈ। |
| 65 | ਜੋਗਿੰਦਰ ਸਿੰਘ (27) | ਕਾਲਾ ਸੰਘਿਆਂ | ਕਪੂਰਥਲਾ | 22,5.75 ਨੂੰ ਜਲੰਧਰ ਸ਼ਹਿਰ ਦੇ ਬਾਹਰ ਸੂਰਾ ਨੱਸੀ ਪਿੰਡ ਕੋਲ ਦਿਨ-ਦਿਹਾੜੇ ਗੋਲੀਆ ਨਾਲ ਭੁੰਨ ਸੁਟਿਆ ਗਿਆ। |
| 66 | ਹਰਬੰਸ ਸਿੰਘ (26) | ਸਘੇੜਾ | ਸੰਗਰੂਰ | 12-13 ਅਗਸਤ 1975 ਨੂੰ ਪਟਿਆਲੇ ਨੇੜੇ ਕਿਸੇ ਫਾਰਮ 'ਚੋਂ ਗ੍ਰਿਫਤਾਰ ਕਰਕ, ਪੱਖੋਂ ਕੈਂਚੀਆਂ (ਬਰਨਾਲਾ) ਤੇ ਲਿਜਾ ਕੇ ਗੋਲੀ ਮਾਰ ਦਿਤੀ ਗਈ। |
| 67 | ਤਰਸਮ ਲਾਲ (27) | ਸੈਲੀ | ਹੁਸ਼ਿਆਰਪੁਰ | 2.2.76 ਨੂੰ ਗੜ੍ਹਸ਼ੰਕਰ—ਮਾਹਲਪੁਰ ਸੜਕ ਉਤੇ ਪਿੰਡ ਬਡੇਸਰੋਂ 'ਚੋਂ ਗ੍ਰਿਫਤਾਰ ਕਰਕੇ, ਦਿਨ-ਦਿਹਾੜੇ ਗੋਲੀ ਮਾਰ ਦਿਤੀ ਗਈ। |
| 68 | ਬਿਕਰਮਜੀਤਸਿੰਘ (23) | ਸਾਦਿਕਪੁਰ | ਜਲੰਧਰ | 25.3.76 ਨੂੰ ਮਹਿਤਪੁਰ ਦੇ ਅੱਡੇ ਤੇ ਪਿੱਛਾ ਕਰਨ ਤੋਂ ਬਾਅਦ ਘੇਰਾ ਪਾ ਕ ਗ੍ਰਿਫਤਾਰ ਕੀਤਾ ਗਿਆ। ਪਿੱਛੋਂ ਦਿਨ-ਦਿਹਾੜੇ ਗੋਲੀ ਮਾਰ ਕੇ 'ਮੁਕਾਬਲ' ਦਾ ਨਾਟਕ ਰਚਿਆ ਗਿਆ। |
| 69 | ਗੁਰਦਿਆਲਸਿੰਘ | ਕਾਲਾ ਸੰਘਿਆ | ਕਪੂਰਥਲਾ | |
| 70 | ਗੁਰਚਰਨ ਸਿੰਘ (30) | ਮਾਣੂਕੇ | ਫਰੀਦਕੋਟ | 6.3.77 ਨੂੰ [illegible] ਗ੍ਰਿਫਤਾਰ ਕਰਕੇ ਦੋ ਦਿਨਾਂ ਦੇ [illegible] ਤਸ਼ੱਦਦ ਤੋਂ ਬਾਅਦ [illegible] ਮਾਰਚ ਦੀ ਰਾਤ ਨੂੰ ਬਾਘਾ ਪੁਰਾਣਾ [illegible] ਕਤਲ ਕਰਕੇ ਲਾਸ਼ ਨੂੰ ਨਹਿਰ ਵਿਚ ਰੋੜ੍ਹ ਦਿਤਾ। |
| 71 | ਪਰੇਮ ਸਿੰਘ (38) | ਢੋਲਣ ਮਾਜਰਾ | ਰੂਪਨਗਰ | 24-3-70 ਨੂੰ ਘਰੋਂ ਗ੍ਰਿਫਤਾਰ ਕੀਤਾ ਅਤੇ ਵਹਿਸ਼ੀ ਤਸ਼ੱਦਦ ਤੋਂ ਬਾਅਦ ਕਤਲ ਕਰਕੇ ਲਾਸ਼ਾਂ ਨੂੰ ਖੁਰਦ ਬੁਰਦ ਕਰ ਦਿੱਤਾ। |
| 72 | ਸਵਰਨ ਸਿੰਘ (ਸ਼ਹੀਦ ਉਜਾਗਰ ਸਿੰਘ ਦਾ ਪਿਤਾ) | ਬਡਵਾਲੀ | ਰੂਪਨਗਰ | |
| 73 | ਮੁਣਸ਼ੀ ਰਾਮ (45) | ਬਡਵਾਲੀ | ਰੂਪਨਗਰ | |
| 74 | ਜੋਗਿੰਦਰ ਸਿੰਘ (40) | ਗੜ੍ਹੀ | ਲੁਧਿਆਣਾ | ਅਕਤੂਬਰ '70 ਵਿਚ ਪਿੰਡੋ ਗ੍ਰਿਫਤਾਰ ਕਰਕੇ ਕਤਲ ਕਰਨ ਤੋਂ ਬਾਅਦ ਲਾਸ਼ ਰਫਾ ਦਫਾ ਕਰ ਦਿੱਤੀ। |
| 75 | ਭੰਗਾ ਸਿੰਘ | ਨਵਾਂ ਪਿੰਡ | ਬਠਿੰਡਾ | 1971 ਵਿਚ ਗਵਰਨਰੀ ਰਾਜ ਵੇਲੇ ਮਾਨਸਾ ਪੁਲਸ ਨੇ ਫੜਕੇ ਬੇਰਹਿਮੀ ਨਾਲ ਕਤਲ ਕਰ ਦਿੱਤੇ। |
| 76 | ਅਜੈਬ ਸਿੰਘ | ਮਲਕੋਂ | ਬਠਿੰਡਾ | |
| 77 | ਗੁਰਦਿਆਲ ਸਿੰਘ (40) | ਚਲਾਕੀ | ਰੂਪਨਗਰ | ਰੂਪੋਸ਼ ਇਨਕਲਾਬੀ ਕਾਰਕੁਨ ਤਾਰਾ ਸਿੰਘ ਦਾ ਵੱਡਾ ਭਰਾ। 31-5-72 ਨੂੰ ਘਰੋਂ ਗ੍ਰਿਫਤਾਰ ਕਰਕੇ ਕਤਲ ਕਰਨ ਤੋਂ ਬਾਅਦ ਖਪਾ ਦਿੱਤਾ। |

# "ਸਵਾ ਲਾਖ ਸੇ ਏਕ ਲੜਾਊਂ"

ਕ ਥਾ ਸਾ ਰ

"ਸਵਾ ਲਾਖ ਸੇ ਏਕ ਲੜਾਂਊਂ" ਪੰਜਾਬ ਦੇ ਓਸ ਇਤਿਹਾਸ ਦੀ ਕਹਾਣੀ ਹੈ ਜਿਸ ਵਿਚ ਮੁਗਲ ਰਾਜ ਦੇ ਅਤਿਆਚਾਰਾਂ ਤੋਂ ਤੰਗ ਆਕੇ ਪੰਜਾਬੀ ਪੰਜਾਬ ਵਿਚ ਇਨਕਲਾਬ ਲਿਆਉਣਾ ਚਾਹੁੰਦੇ ਸਨ। ਸਿਖਾਂ ਦੇ ਵਿਰੁਧ ਸਰਕਾਰ ਦੀ ਮੁਹਿੰਮ ਸਿਖਰ ਤੇ ਸੀ। ਪਰ ਸਿਖ ਕੌਮ ਨੇ ਹਿੰਮਤ ਨਹੀਂ ਹਾਰੀ ਤੇ ਪਿੰਡਾਂ ਦੇ ਹਿੰਦੂ ਤੇ ਮੁਸਲਮਾਨਾਂ ਨੂੰ ਲੋਕ ਹਿਤਾਂ ਦਾ ਰਾਜ ਕਾਇਮ ਕਰਨ ਲਈ ਵੰਗਾਰਿਆ ਤੇ ਤਿਆਰ ਕੀਤਾ। ਪਿੰਡਾਂ ਵਿਚੋਂ ਸਿਰਕੱਢ ਨੌਜਵਾਨ ਸਿੰਘਾਂ ਵਿਚ ਜਾਕੇ ਮਿਲਦੇ ਤੇ ਸਰਕਾਰ ਨੂੰ ਰਾਤ ਦਿਨ ਸਤੌਣ ਦਾ ਕੰਮ ਕਰਦੇ; ਇਹੋ ਜਿਹੇ ਜਵਾਨਾਂ ਵਿਚੋਂ ਹੀ ਇਕ ਜਵਾਨ ਜੋ ਇਸ ਕਹਾਣੀ ਦਾ ਮੁਖ ਕਲਾਕਾਰ ਹੈ, ਕਰਤਾਰ ਸਿੰਘ ਆਪਣੇ ਪਿਤਾ ਤਾਰਾ ਚੰਦ ਕੋਲੋਂ ਆਗਿਆ ਲੈਕੇ ਸਿੰਘ ਸੱਜਿਆ ਤੇ ਪਿੰਡਾਂ ਦੇ ਹਿੰਦੂ ਤੇ ਮੁਸਲਮਾਨ ਮੁੰਡਿਆਂ ਨੂੰ ਨਾਲ ਲੈਕੇ ਸਿੰਘਾਂ ਦੀ ਮਦਦ ਕਰਦਾ! ਕਰਤਾਰ ਸਿੰਘ ਨੂੰ ਇਕ ਹਾਦਸੇ ਵਿਚ ਸੱਟ ਲੱਗ ਜਾਂਦੀ ਹੈ, ਗਫ਼ੂਰ ਖਾਨ ਦੇ ਪਿੰਡ ਖੈਰਾਬਾਦ ਕੋਲ ਆਕੇ ਉਹ ਬੇਹੋਸ਼ ਹੋ ਜਾਂਦਾ ਹੈ, ਗ਼ਫ਼ੂਰ ਖਾਨ ਉਸਨੂੰ ਆਪਣੇ ਘਰ ਲਿਆ ਕੇ ਸੇਵਾ ਕਰਕੇ ਰਾਜੀ ਕਰਦਾ ਹੈ, ਪਿੰਡ ਦਾ ਚੌਧਰੀ ਜੋ ਸਰਕਾਰ ਦਾ ਨੁਮਾਇੰਦਾ ਹੈ ਗਫ਼ੂਰ ਨੂੰ ਸਿਖ ਦੀ ਸੇਵਾ ਕਰਨ ਦੀ ਸਜ਼ਾ ਦਿੰਦਾ ਹੈ, ਜਮਾਲ ਦੀਨ ਕਰਤਾਰ ਸਿੰਘ ਦਾ ਦੋਸਤ ਬਣਕੇ ਉਸ ਦੀ ਮਦਦ ਕਰਦਾ ਹੈ, ਕਰਤਾਰ ਸਿੰਘਾਂ ਦਾ ਜੱਥਾ ਲਿਆ ਕੇ ਖੈਰਾਬਾਦ ਨੂੰ ਮੁਗ਼ਲ ਰਾਜ ਦੀ ਅਧੀਨਗੀ ਵਿਚੋਂ ਕੱਢ ਕੇ ਪਿੰਡ ਨੂੰ ਖੁਦਮੁਖਤਿਆਰ ਕਰਾਰ ਦਿੰਦਾ ਹੈ। ਇਹ ਖਬਰ ਲਾਹੌਰ ਸੂਬੇ ਕੋਲ ਪਹੁੰਚਦੀ ਹੈ ਜੋ ਸਿੰਘਾਂ ਨੂੰ ਕਾਹਨੂੰਆਣੇ ਛੰਬ ਵਿਚੋਂ ਕੱਢਕੇ ਹਾਲੀ ਸੁਖ ਦਾ ਸਾਹ ਵੀ ਨਹੀਂ ਸੀ ਲੈ ਸਕਿਆ! ਓਸੇ ਵੇਲੇ ਥੱਕੇ ਹੋਏ ਫੌਜੀਆਂ ਨੂੰ ਖੈਰਾਬਾਦ ਤੇ ਚੜਾਈ ਕਰਨ ਦਾ ਹੁਕਮ ਦਿੰਦਾ ਹੈ। ਸਿੰਘ ਖੈਰਾਬਾਦ ਦੀ ਰਾਖੀ ਕਰਨਾ ਚਾਹੁੰਦੇ ਹਨ, ਸ਼ਾਹੀ ਫੌਜ ਪਿੰਡ ਨੂੰ ਮੁੜ ਲਾਹੌਰ ਦਰਬਾਰ ਦੇ ਤਹਿਤ ਲਿਆਉਣਾ ਚਾਹੁੰਦੀ ਹੈ, ਪਿੰਡ ਦੇ ਚੌਧਰੀ ਨੂੰ ਜੋ ਬੁਢਾ ਹੋਣ ਦੇ ਬਾਵਜੂਦ ਵੀ ਗਫ਼ੂਰ ਖਾਨ ਦੀ ਕੁੜੀ ਨੂਰਾਂ ਨੂੰ ਬੁਰੀ ਨਜ਼ਰ ਨਾਲ ਵੇਖਦਾ ਹੈ, ਸਿੰਘ ਕਿਸ ਤਰ੍ਹਾਂ ਦੀ ਸਜ਼ਾ ਦਿੰਦੇ ਹਨ? ਕਾਹਨੂੰਆਣੇ ਛੰਬ ਦਾ ਛੋਟਾ ਘਲੂਘਾਰਾ ਕਿਸ ਤਰ੍ਹਾਂ ਵਾਪਰਦਾ ਹੈ? ਨੂਰਾਂ ਤੇ ਜਮਾਲ ਦਾ ਵਿਆਹ ਕਿਸ ਤਰ੍ਹਾਂ ਹੁੰਦਾ ਹੈ? ਕਰਤਾਰ ਸਿੰਘ ਦੀ ਧਰਮ ਪਤਨੀ ਜੋ ਬਿਨਾਂ ਵੇਖੇ ਕਰਤਾਰ ਨੂੰ ਆਪਣਾ ਪਤੀ ਮਨ ਬੈਠੀ ਹੈ ਕਿਸ ਤਰ੍ਹਾਂ ਮਿਲਦੀ ਹੈ? 'ਸਵਾ ਲਾਖ ਸੇ ਏਕ ਲੜਾਊਂ ਤਭੀ ਗੋਬਿੰਦ ਸਿੰਘ ਨਾਮ ਕਹਾਊਂ' ਦੇ ਵਾਕ ਨੂੰ ਯਾਦ ਕਰਕੇ ਸੂਰਮੇਂ ਦੁਸ਼ਮਣ ਦੇ ਦਲਾਂ ਵਿਚ ਕਿਸ ਤਰ੍ਹਾਂ ਭਾਜੜਾਂ ਪਾਂਦੇ ਹਨ? ਲੱਖਾਂ ਦੀ ਤਾਦਾਦ ਵਿਚ ਸ਼ਾਹੀ ਫੌਜ ਨਾਲ ਚੰਦ ਸਿੰਘ ਕਿਸ ਤਰ੍ਹਾਂ ਡੱਟ ਕੇ ਮੁਕਾਬਲਾ ਕਰਦੇ ਹਨ? ਬੁਰਾਈ ਨਾਲ ਸਚਾਈ ਦੀ ਲੜਾਈ ਕਿਸ ਤਰ੍ਹਾਂ ਹੁੰਦੀ ਹੈ, ਪੜਦਾ ਸਕਰੀਨ ਤੇ ਵੇਖੋਗੇ ਤਾਂ ਹੀ ਪਤਾ ਲੱਗੇਗਾ। ●

---

# REMEMBRANCE DAY LONG WEEKEND SPECIAL

**Showing at two theatres in Vancouver**

**Saturday, Nov. 12th 1977 — 6 p.m. and 9 p.m.**

**At Centennial Theatre**
**North Vancouver, 123 E. 23rd St.**

**AND**

**Sunday, Nov. 13th 1977 3 p.m., 6 p.m. and 9 p.m.**

**at Metro Theatre**
**1370 S.W. Marine Dr. Vancouver Tel. No. 266-7191**

*Advance Booking at:* FRONTIER CLOTH HOUSE – 325-4424
GLOBE SPICES AND FOODS – 321-2472
AMBIKA FOODS – 327-0295

"ਨਾਨਕ ਦੁਖੀਆ ਸਭ ਸੰਸਾਰ" ਤੋਂ ਬਾਅਦ ਦਾਰਾ ਸਿੰਘ ਦੀ ਇਕ ਹੋਰ ਪੰਜਾਬੀ ਦੀ ਰੰਗੀਨ ਧਾਰਮਿਕ ਫਿਲਮ "ਸਵਾ ਲਾਖ ਸੇ ਏਕ ਲੜਾਊਂ"
ਨੋਟ:- ਇਸ ਫਿਲਮ ਦਾ ਪਹਿਲਾ ਨਾਉਂ ਸੀ "ਰਾਜ ਕਰੇਗਾ ਖਾਲਸਾ"

ਫਿਲਮ ਦੇ ਕਲਾਕਾਰ:- ਦਾਰਾ ਸਿੰਘ, ਕੋਮਿਲਾ ਵਿਰਕ, ਯੋਗਿਤਾ ਬਾਲੀ, ਨਵੀਨ ਨਿਸ਼ਚਲ, ਰਾਜੇਸ਼ ਖੰਨਾ, ਨੀਰੂ ਸਿੰਘ ਰੰਧਾਵਾ ਸੁੰਦਰ ਔਰ ਮੇਹਰ ਮਿੱਤਲ।




ਹੋਰ ਜ਼ਿਆਦਾ ਜਾਣਕਾਰੀ ਲਈ ਫੂਨ ਕਰੋ :-

**JHANKAR FILMS**
**874-5514**

# ਵਾਪਸੀ

ਵਿਲੀਅਮ ਪੋਮਰਾਏ

ਜੀਪ ਹੌਲੀ ਹੌਲੀ ਇਕ ਫਿਲਪੀਨੀ ਕਸਬੇ ਦੀ ਗਲੀ ਵਿਚ ਦਾਖਲ ਹੰਦੀ । ਉਸ ਵਿਚ ਇਕੋ ਇਕ ਅਮ੍ਰੀਕਣ ਅਫ਼ਸਰ ਸੀ ਜਿਹੜਾ ਵਾਰ ਵਾਰ ਆਪਣਾ ਸਿਰ ਬਾਹਰ ਕਢ ਗਲੀ ਵਿਚਲੇ ਘਰਾਂ ਨੂੰ ਘੂਰ ਰਿਹਾ ਸੀ । ਦੋ ਤਿੰਨ ਵਾਰ ਉਹਨੇ ਜੀਪ ਖੜ੍ਹੀ ਕੀਤੀ, ਗਹੁ ਨਾਲ ਤੱਕਿਆ, ਪਰ ਫਿਰ ਤੁਰ ਪਿਆ । ਅੰਤ ਵਿਚ ਉਹ ਖੁੰਘਰਿਆਲੇ ਬਾਂਸਾਂ ਦੀ ਵਾੜ 'ਚ ਘਿਰੇ ਇਕ ਲਕੜੀ ਦੇ ਘਰ ਅੱਗੇ ਖਲੋ ਗਿਆ ਤੇ ਜੀਪ ਬੰਦ ਕਰ ਦਿਤੀ । ਚਿੱਟੇ ਖੁਸ਼ਬੂਦਾਰ ਫ਼ੁੱਲਾਂ ਵਿਚੋਂ ਦੀ ਸਾਹਮਣੀ ਡਿਓਢੀ ਨਜ਼ਰ ਆ ਰਹੀ ਸੀ ।

ਘਰ ਦੇ ਨਾਲ ਇਕ ਦੁਕਾਨ ਸੀ । ਕਾਊਂਟਰ 'ਤੇ ਸ਼ੀਸ਼ੇ ਦੇ ਮਰਤਬਾਨਾਂ ਦੀ ਕਤਾਰ ਸਜੀ ਹੋਈ ਸੀ । ਉਸ ਵਿਚ ਬੈਠੇ ਬੰਦੇ ਆਉਣ ਵਾਲੇ ਅਮ੍ਰੀਕਣ ਨੂੰ ਘੂਰ ਘੂਰ ਤਕਣ ਲਗ ਪਏ ।

ਕੁਝ ਚਿਰ ਅਮ੍ਰੀਕਣ ਅਫ਼ਸਰ ਸਟੇਰਿੰਗ 'ਤੇ ਛਾਤੀ ਟਿਕਾ ਉਸ ਘਰ ਵਲ ਤਕਦਾ ਰਿਹਾ, ਤਕਦਾ ਰਿਹਾ । ਦੋ ਨਿੱਕੇ ਬੱਚੇ, ਗਲੀਂ ਸਿਰਫ ਬੁਨੈਣਾਂ, ਧੂੜ ਲਿਬੜੇ ਨੰਗੇ ਚਿੱਤੜ, ਪਤਾ ਨਹੀਂ ਕਿਥੋਂ ਜੀਪ ਕੋਲ ਆ ਕੇ ਖਲੋ ਗਏ । ਉਹ ਚੁਪ-ਚਾਪ ਤੇ ਬੇ-ਹਿੱਸ ਤਕਦੇ ਰਹੇ । ਅਫਸਰ ਨੇ ਉਹਨਾਂ ਵਲ ਤੱਕ ਕੇ ਆਪਣਾ ਸਿਰ ਹਿਲਾਉਂਦਿਆਂ ਆਖਿਆ—ਸੌਰੀ, ਨੋ ਚਿਯੁਇੰਗ ਗਮ !

ਉਹ ਚੁਪ-ਚਾਪ ਬਿਨਾਂ ਅੱਖ ਝਮਕਿਆਂ ਉਹਨੂੰ ਘੂਰਦੇ ਰਹੇ । ਜਦੋਂ ਹੀ ਉਹ ਜੀਪ 'ਚੋਂ ਬਾਹਰ ਨਿਕਲਿਆ ਉਹ ਭੱਜ ਪਏ ।

ਅਫ਼ਸਰ ਨੇ ਵਾੜ ਦੀ ਖਿੜਕੀ ਖੋਲ੍ਹੀ, ਅੰਦਰ ਲੰਘਿਆ ਅਤੇ ਖਿੜਕੀ ਮੁੜ ਉਦਾਂ ਹੀ ਬੰਦ ਕਰ ਦਿਤੀ । ਉਹ ਲੰਮੀਆਂ ਲੰਮੀਆਂ ਲੱਤਾਂ ਵਾਲਾ ਇਕ ਲੰਮਾ ਆਦਮੀ ਸੀ ਜਿਹੜਾ ਡਿਉਢੀ ਦੀਆਂ ਇਕੋ ਵਾਰ ਦੋ ਦੋ ਪੌੜੀਆਂ ਚੜ੍ਹ ਗਿਆ । ਅੰਦਰ ਵਿਲਕੀਆਂ ਜਿਹੀਆਂ ਕੁਰਸੀਆਂ ਖ਼ਾਲੀ ਸਨ । ਪਰ ਬੂਹਾ ਅੱਧਾ ਖੁਲ੍ਹਾ ਸੀ । ਉਹਨੇ ਸੁਹਦਿਆਂ ਵਾਂਗ ਆਪਣੀ ਟੋਪੀ ਖਿੱਚੀ ਅਤੇ ਬੂਹੇ 'ਤੇ ਦਸਤਕ ਦੇ ਦਿਤੀ । ਆਪ ਆਪਣੇ ਹੱਥ ਪਿਛਾਂਹ ਕਰ ਖਲੋ ਗਿਆ । ਉਹਦੇ ਬੁਲ੍ਹਾਂ 'ਤੇ ਖਿਸਿਆਨਾ ਜਿਹਾ ਹਾਸਾ ਸੀ ।

ਕੁਝ ਪਲਾਂ ਪਿਛੋਂ ਅੰਦਰ ਹਲਕੀ ਜਿਹੀ ਆਵਾਜ਼ ਸੁਣਾਈ ਦਿੱਤੀ । ਬੂਹਾ ਖੁਲ੍ਹਿਆ, ਤੇ ਇਕ ਜਵਾਨ ਔਰਤ ਕੁਝ ਝਿਜਕਦੀ ਹੋਈ ਸਾਹਮਣੇ ਆ ਖਲੋਤੀ । ਉਹ ਸਾਦਾ ਜਿਹੇ ਘਰੇਲੂ ਲਿਬਾਸ ਵਿਚ ਸਾਫ਼ ਗਰਭਵਤੀ ਨਜ਼ਰ ਆ ਰਹੀ ਸੀ । ਉਹ ਬਿਨਾਂ ਕੁਝ ਕਹੇ ਖਲੋਤੀ ਰਹੀ ਤੇ ਉਡੀਕਦੀ ਰਹੀ ਕਿ ਆਉਣ ਵਾਲਾ ਕੀ ਕਹਿਣਾ ਚਾਹੁੰਦਾ ਹੈ ।

—ਕਾਟਿਨਡਿਗ ਪਰਿਵਾਰ ਏਥੇ ਈ ਰਹਿੰਦਾ ਏ ਨਾ ? ਅਮ੍ਰੀਕਣ ਨੇ ਸਿੱਧਾ ਖਲੋਂਦਿਆਂ ਪੁਛਿਆ । ਉਹਦੀ ਮੁਸਕਾਣ ਸੁੰਗੜ ਗਈ ।

—ਮੈਂ ਮਿਸਜ਼ ਕਾਟਿਨਡਿਗ ਆਂ ।

—ਤਾਂ ਤੂੰ ਉਹਨਾਂ ਦੀ ਕੋਈ ਰਿਸ਼ਤੇਦਾਰ ਹੋਵੇਂਗੀ, ਮੈਂ ਤੈਨੂੰ ਪਹਿਲਾਂ ਤਾਂ ਕਦੀ ਏਥੇ ਨਹੀਂ ਸੀ ਵੇਖਿਆ ।

—ਨਹੀਂ, ਉਹ ਬੋਲੀ, ਤੁਸੀਂ ਅੰਦਰ ਲੰਘ ਆਵੋ ।

ਅਫ਼ਸਰ ਨੇ ਜ਼ਰਾ ਕੁ ਮੱਥਾ ਵੱਟਿਆ ; ਆਪਣੀ ਟੋਪੀ ਲਾਹੀ, ਅਤੇ ਅੰਦਰ ਲੰਘ ਬਹੁੜੇ ਜਿਹੇ ਫਰਨੀਚਰ ਵਾਲੇ ਕਮਰੇ ਵਲ ਸਰਸਰੀ ਨਜ਼ਰ ਮਾਰ ਕਹਿਣ ਲਗਿਆ—ਇਹ ਕਮਰਾ ਤਾਂ ਬਹੁਤਾ ਨਹੀਂ ਬਦਲਿਆ......ਘਰ 'ਚ ਹੋਰ ਨਹੀਂ ਕੋਈ ?

— ਤੁਸੀਂ ਜ਼ਰਾ ਬੈਠੋ, ਕਹਿ ਉਹ ਬੂਹੇ 'ਤੇ ਟੰਗੇ ਖੱਦਰ ਦੇ ਫਿੱਕੇ ਜਿਹੇ ਪਰਦੇ ਉਹਲੇ ਅਲੋਪ ਹੋ ਗਈ । ਅਫਸਰ ਢਿੱਲੀ ਜਿਹੀ ਕੁਰਸੀ 'ਤੇ ਬਹਿ ਗਿਆ । ਕੁਰਸੀ ਦੀ ਸ਼ਕਲ ਹੁਣ ਪਹਿਲੋਂ ਵਰਗੀ ਨਹੀਂ ਸੀ ਰਹੀ ।

ਫਿਰ ਪਰਦਾ ਹਟਿਆ । ਇਕ ਆਦਮੀ ਆਪਣੀ ਹਥੇਲੀ ਨਾਲ ਸਿਰ ਦੇ ਵਾਲ ਪਲੱਸਦਾ ਅੰਦਰ ਆਇਆ । ਅਮ੍ਰੀਕਣ ਨੂੰ ਵੇਖਦਿਆਂ ਹੀ ਉਹਦੇ ਜਿਵੇਂ ਪੈਰ ਜੰਮ ਗਏ ।

ਫਿਲਪੀਨੀ ਇਕ ਛੋਟੇ ਕੱਦ ਅਤੇ ਪਿਚਕੀਆਂ ਗਲ੍ਹਾਂ ਵਾਲਾ ਮਨੁੱਖ ਸੀ, ਜੀਹਦੀਆਂ ਪੁੜ-

ਪੁੜੀਆਂ ਕੋਲੋਂ ਵਾਲ ਝੜਨੇ ਸ਼ੁਰੂ ਹੋ ਗਏ ਸਨ । ਖੜੀਆਂ ਕਰੀਜ਼ਾਂ ਤੋਂ ਜਾਪਦਾ ਸੀ ਜਿਵੇਂ ਉਹ ਹੁਣੇ ਹੁਣੇ ਹੀ ਕਮੀਜ਼ ਪਾ ਕੇ ਆਇਆ ਹੋਵੇ ।

—ਹੈਲੋ, ਪਾਲ, ਉਹਨੇ ਆਖਿਆ ਅਤੇ ਫਿਰ ਅਮ੍ਰੀਕਣ ਦਾ ਹੱਥ ਜਾ ਫੜਿਆ ।

—ਟੋਨੀ ! ਅਮ੍ਰੀਕਣ ਨੇ ਹੱਥ ਫੜਦਿਆਂ ਆਖਿਆ ।

—ਮੈਨੂੰ ਤੇ ਸ਼ੱਕ ਹੋਣ ਲਗ ਪਿਆ ਸੀ ਕਿ ਕਿਤੇ ਮੈਂ ਗ਼ਲਤ ਥਾਂ 'ਤੇ ਤਾਂ ਨਹੀਂ ਆ ਗਿਆ ?

—ਮੈਂ ਕਦੀ ਸੋਚਿਆ ਤੱਕ ਨਹੀਂ ਸੀ ਕਿ ਅਸੀਂ ਤੈਨੂੰ ਫੇਰ ਵੀ ਕਦੀ ਮਿਲਾਂਗੇ । ਲੰਮੇ ਆਦਮੀ ਵੱਲ ਵੇਖ ਫਿਲਪੀਨੀ ਨੇ ਆਖਿਆ । ਉਹਦੇ ਨਕਸ਼ਾਂ 'ਤੇ ਕੋਈ ਮੁਸਕਾਣ ਨਹੀਂ ਸੀ ।

—ਮੈਨੂੰ ? ਪਰ ਕਿਉਂ ਨਹੀਂ ?.........ਇਹ, ਯਾਰ, ਨਿੱਕੀ ਜਿਹੀ ਤਾਂ ਦੁਨੀਆਂ ਹੈ । ਫੌਜ ਚੱਕਰ ਲਾ ਮੁੜ ਉਥੇ ਹੀ ਆ ਜਾਂਦੀ ਹੈ । ਉਹਨੇ ਫਿਲਪੀਨੀ ਦਾ ਹੱਥ ਹੋਰ ਘੁੱਟਿਆ ।

—ਕਿੰਨਾ ਕੁ ਚਿਰ ਹੋ ਗਿਆ ? ਚੋਦਾਂ, ਪੰਦਰਾਂ ਸਾਲ ?

—ਹਾਂ, ਚੋਦਾਂ, ਪੰਦਰਾਂ ਸਾਲ । ਫਿਲਪੀਨੀ ਨੇ ਉਸੇ ਗੰਭੀਰਤਾ ਨਾਲ ਉੱਤਰ ਦਿੱਤਾ ।

—ਪਰ ਏਸ ਥਾਂ ਤੋਂ ਤਾਂ ਇੰਝ ਬਿਲਕੁਲ ਨੀ ਲਗਦਾ । ਮੇਰੇ ਖ਼ਿਆਲ 'ਚ ਤੁਸੀਂ ਫਰਨੀਚਰ ਵੀ ਨਹੀਂ ਹਿਲਾਇਆ । ਅੰਦਰ ਵੜਦਿਆਂ ਹੀ ਜਾਪਿਆ ਜਿਵੇਂ ਮੈਂ ਆਪਣੇ ਹੀ ਘਰ ਆ ਗਿਆ ਹੋਵਾਂ ।

ਫਿਲਪੀਨੀ ਦੇ ਬੁਲ੍ਹਾਂ 'ਤੇ ਨਿੱਕੀ ਜਿਹੀ, ਵਿਅੰਗਮਈ ਮੁਸਕਾਣ ਆਈ । ਬੋਲਿਆ :

—ਤੈਨੂੰ ਸੱਚੀਂ ਇਉਂ ਲਗਦੈ ?

—ਬਿਲਕੁਲ ! ਅਸੀਂ ਇਥੇ ਕੇਡੀਆਂ ਖੁਸ਼-ਘੜੀਆਂ ਬਿਤਾਈਆਂ ਨੇ ! ਨਹੀਂ ?

ਫਿਲਪੀਨੀ ਦੇ ਬੁਲ੍ਹਾਂ 'ਤੇ ਫਿਰ ਉਹੀ ਨਿੱਕੀ-ਵਿਅੰਗਮਈ ਮੁਸਕਾਣ ਆਈ । ਬੋਲਿਆ—ਖੁਸ਼ੀ ਨੂੰ ਯਾਦ ਕਰਨਾ ਚੰਗਾ ਹੁੰਦੈ......ਬੈਠ ਜਾ ਪਾਲ ।

—ਬਜ਼ੁਰਗ ਕਿਥੇ ਐ ? ਅਮ੍ਰੀਕਣ ਨੇ ਕੁਰਸੀ 'ਤੇ ਬਹਿੰਦਿਆਂ ਪੁਛਿਆ ।

—ਮੇਰਾ ਬਾਪ ? ਫਿਲਪੀਨੀ ਨੇ ਪੁਛਿਆ । ਫਿਰ ਆਪ ਹੀ ਕਹਿਣ ਲਗਿਆ—ਮੇਰਾ ਬਾਪ ਜੰਗ ਤੋਂ ਤਿੰਨ ਸਾਲ ਪਿਛੋਂ ਮਰ ਗਿਆ ਸੀ । ਉਹਤੋਂ ਇਕ ਸਾਲ ਪਿਛੋਂ ਮਾਂ ਵੀ ਤੁਰਦੀ ਹੋਈ ।

—ਟੋਨੀ ! ਸੱਚੀਂ ਮੈਨੂੰ ਬੜਾ ਹੀ ਦੁਖ ਹੋਇਆ ਹੈ । ਅਮ੍ਰੀਕਣ ਨੇ ਤਿਉੜੀਆਂ ਪਾ ਕੇ ਸਿਰ ਹਿਲਾਂਦਿਆਂ ਗੱਲ ਜਾਰੀ ਰੱਖੀ—ਸੱਚ-ਮੁੱਚ ਏਹ ਬੜੀ ਦੁਖਦਾਈ ਖ਼ਬਰ ਐ ! ਮੈਨੂੰ ਤਾਂ ਬਜ਼ੁਰਗ ਚੰਗਾ ਹੀ ਬਹੁਤ ਲਗਦਾ ਸੀ ; ਅਤੇ ਤੇਰੀ ਮਾਂ ਵੀ । ਆਖ਼ਰ ਗੱਲ ਕੀ ਹੋਈ ?

—ਬਹੁਤ ਸਾਰੀਆਂ ਗੱਲਾਂ ਨੇ ਜੀਹਨਾਂ ਨਾਲ ਉਹਦਾ ਦਿਲ ਟੁੱਟ ਗਿਆ ਸੀ । ਤੂੰ ਸ਼ਾਇਦ ਏਹੀ ਆਖੇਂ ਕਿ ਉਹ ਜੰਗ ਦੇ ਅਸਰਾਂ ਕਰ ਕੇ ਹੀ ਮਰ ਗਿਆ ਹੋਵੇ ।

—ਹਾਂ, ਮੈਨੂੰ ਪਤੈ, ਅਮ੍ਰੀਕਣ ਬੋਲਿਆ, ਉਹ ਤੁਹਾਡੇ ਲਈ ਕਾਫ਼ੀ ਔਖਾ ਸਮਾਂ ਸੀ । ਜਾਪਾਨੀਆਂ ਨੇ ਤੁਹਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ ਸੀ । ਮੈਨੂੰ ਬਜ਼ੁਰਗ ਦੀ ਮੌਤ ਦਾ ਬਹੁਤ ਦੁੱਖ ਐ ।

ਬੂਹੇ ਦਾ ਪਰਦਾ ਹਟਿਆ ਅਤੇ ਉਹੀ ਜਵਾਨ ਔਰਤ ਟ੍ਰੇ ਵਿਚ ਇਕ ਗਲਾਸ ਤੇ ਇਕ ਬੀਅਰ ਦੀ ਬੋਤਲ ਲੈ ਆ ਗਈ । ਜਦੋਂ ਉਹ ਟਰੇ ਰਖ ਮੁੜਨ ਲੱਗੀ ਫਿਲਪੀਨੀ ਨੇ ਆਪਣਾ ਹੱਥ ਉਹਦੀ ਬਾਂਹ ਨੂੰ ਛੁਹਾਂਦਿਆਂ ਆਖਿਆ—ਪਾਲ, ਏਹ ਮੇਰੀ ਪਤਨੀ ਐ, ਬੇਲਾ ।

—ਹਾਂ, ਪਰ ਤੈਨੂੰ ਕੀ ਪਤਾ ਹੋ ਸਕਦੈ ? ਅਮ੍ਰੀਕਣ ਨੇ ਉਠਦਿਆਂ ਆਖਿਆ, ਕੀ ਹਾਲ ਐ, ਬੇਲਾ ? ਟੋਨੀ, ਟੋਨੀ, ਮੈਨੂੰ ਪਤਾ ਸੀ ਤੂੰ ਕਿਸੇ ਦਿਨ ਆਣੇ ਵਾਲੀ ਥਾਂ 'ਤੇ ਆ ਜਾਵੇਂਗਾ ।

—ਬੇਲਾ, ਏਹ ਪਾਲ ਐ । ਤੈਨੂੰ ਯਾਦ ਹੋਵੇਗਾ ਮੈਂ ਤੈਨੂੰ ਪਾਲ ਬਾਰੇ ਦਸਿਆ ਸੀ ।

—ਹਾਂ, ਮੈਨੂੰ ਯਾਦ ਏ । ਬੇਲਾ ਨੇ ਬਿਨਾਂ ਮੁਸਕਾਇਆਂ ਜਵਾਬ ਦਿੱਤਾ ।




ਸੋਨੇ ਦੇ ਲੇਟੈਸਟ ਡੀਜ਼ਾਈਨਾਂ ਦਿੱਤੇ ਅਤੇ ਵਧਾਉਣ ਲਈ

ਸੋਨੀ ਐਂਡ ਸਨਜ਼

**SONI & SONS**
**JEWELLERS**
**Specialist in East Indian Jewelery**

**6524 MAIN ST.**
**(AT 49th Ave.)**
**VANCOUVER, B.C.**

**PHONE 324-1012**
**RES. 327-0783**

—ਤੇ ਕਿੰਨਾ ਕੁਝ ਯਾਦ ਐ ਮੈਨੂੰ ਏਸ ਥਾਂ ਬਾਰੇ । ਬੀਅਰ ਦਾ ਗਲਾਸ ਫੜੀ ਅਮ੍ਰੀਕਣ ਨੇਂ ਆਖਿਆ—ਮੈਂ ਟਰੱਕ ਵਿਚ ਕਿੰਨੇ ਸਾਰੇ ਬੰਦੇ ਏਥੇ ਲਿਆਂਦਾ ਸਾਂ । ਪਹਿਲਾਂ ਅਸੀਂ ਲੰਗਰ ਹਾਲ 'ਤੇ ਧਾਵਾ ਬੋਲ ਜਿੰਨਾ ਕੁਝ ਚੁਕਿਆ ਜਾ ਸਕਦਾ ਚੁੱਕ ਲਿਆਉਂਦੇ, ਫਿਰ ਫੀਸਟਾਂ ਉਡਾਂਦੇ—ਐਨ ਏਸੇ ਕਮਰੇ 'ਚ ਤੈਨੂੰ ਯਾਦ ਐ, ਟੋਨੀ ?

—ਮੈਨੂੰ ਯਾਦ ਏ । ਫਿਲਪੀਨੀ ਨੇ ਆਖਿਆ ।

—ਉਦੋਂ ਮੈਂ ਸਿਰਫ ਸਟਾਫ਼ ਸਾਰਜੈਂਟ ਹੁੰਦਾ ਸਾਂ, ਅਮ੍ਰੀਕਣ ਨੇ ਗੱਲ ਜਾਰੀ ਰਖੀ, ਪਤਾ ਈ ਕਿਵੇਂ ਮੈਂ ਫ਼ੌਜੀ ਜ਼ਿੰਦਗੀ ਨੂੰ ਲਾਹਨਤਾਂ ਪਾਉਂਦਾ ਹੁੰਦਾ ਸਾਂ ? ਪਰ ਮੈਂ ਡਟਿਆ ਰਿਹਾ । ਮੈਨੂੰ ਕਮਿਸ਼ਨ ਮਿਲ ਗਿਆ ਤੇ ਹੁਣ ਮੈਂ ਮੁੜ ਏਥੇ ਆ ਗਿਆ ਹਾਂ । ਮੈਂ [illegible] ਵੀ ਨਹੀਂ ਸੀ । ਮੈਂ ਦਰਜਨਾਂ ਮੁਲਕਾਂ 'ਚ ਰਿਹਾ ਹਾਂ । ਪਰ ਖ਼ੂਬਸੂਰਤ ਫਿਲਪਾਇਨ ਵਰਗੀ ਗੱਲ ਕਿਥੇ ? ਹੁਣ ਮੈਂ ਫੌਜੀ ਅੱਡੇ 'ਚ ਆ ਗਿਆ । ਹਾਂ—ਅੱਡਾ, ਫਿਲਪਾਇਨ ਵਿਚ ਇਕ ਨਿੱਕਾ ਅਮ੍ਰੀਕਾ ! ਅਮਨ ਦੀ ਫ਼ੌਜ ! ਕੰਮ ਸੌਖਾ ਏ । ਪਰ ਜੰਗ ਵੇਲੇ ਵਰਗੀਆਂ ਬਹਾਰਾਂ ਕਿਥੇ ?

ਉਹ ਬੀਅਰ ਦੀਆਂ ਚੁਸਕੀਆਂ ਲੈਂਦਾ ਰਿਹਾ ਅਤੇ ਗਲਾਸ ਦੇ ਕੰਢਿਆਂ ਉਤੋਂ ਦੀ ਫਿਲਪੀਨੀ ਨੂੰ ਘੂਰਦਾ ਰਿਹਾ ।

—ਤੇਰੀ ਭੈਣ ਕਿਥੇ ਐ, ਅਮ੍ਰੀਕਣ ਨੇ ਕਿਹਾ, ਨੀਤਾ ਕਿਥੇ ਐ ?

ਫਿਲਪੀਨੀ ਅਤੇ ਉਹਦੀ ਪਤਨੀ ਨੇ ਇਕ ਦੂਜੇ ਨਾਲ ਨਜ਼ਰਾ ਮਿਲਾਈਆਂ ।

—ਨੀਤਾ ਏਥੇ ਨੀ, ਫਿਲਪੀਨੀ ਨੇ ਕਿਹਾ, ਨੀਤਾ ਹੁਣ ਏਥੇ ਨੀ ਰਹਿੰਦੀ । ਉਹ...... ਮਨੀਲਾ ਰਹਿੰਦੀ ਐ ।

—ਅੱਛਾ ? ਬੜੀ ਮਾੜੀ ਗੱਲ ਐ, ਅਮ੍ਰੀਕਣ ਬੋਲਿਆ, ਮੈਂ ਨੀਤਾ ਨੂੰ ਜ਼ਰੂਰ ਮਿਲਣਾ ਚਾਹੁੰਨਾ । ਉਹਨੇ ਗਲਾਸ ਆਪਣੀਆਂ ਉਂਗਲਾਂ ਵਿਚ ਘੁੰਮਾਇਆ ਤੇ ਆਖਿਆ—ਮੇਰੇ ਖ਼ਿਆਲ 'ਚ ਹੁਣ ਤਾਂ ਉਹਦੀ ਸ਼ਾਦੀ ਵੀ ਹੋ ਗਈ ਹੋਵੇਗੀ ।

ਨਹੀਂ । ਫਿਲਪੀਨੀ ਨੇ ਉੱਤਰ ਦਿੱਤਾ—ਨਹੀਂ ਉਹਦੀ ਸ਼ਾਦੀ ਨਹੀਂ ਹੋਈ !

ਅਮ੍ਰੀਕਣ ਦਾ ਚਿਹਰਾ ਚਮਕ ਪਿਆ—ਤੁਸੀਂ ਉਹਦਾ ਪਤਾ ਦੱਸੋਗੇ ? ਮੈਂ ਜਲਦੀ ਹੀ ਮਨੀਲਾ ਜਾਣਾ ਹੈ ।

—ਉਹਦਾ ਪਤਾ ? ਫਿਲਪੀਨੀ ਬੋਲਿਆ, ਸਾਡੇ ਕੋਲ ਉਹਦਾ ਪਤਾ ਨਹੀਂ ਏ । ਨਹੀਂ ਨਾ, ਬੇਲਾ ? ਉਹ ਕਿਤੇ ਹੋਰ ਚਲੀ ਗਈ ਏ ।

—ਚਲੀ ਗਈ ਐ ! ਅਮ੍ਰੀਕਣ ਨੇ ਘੂਰ ਕੇ ਦੋਹਾਂ ਵਲ ਵੇਖਿਆ...... ਇਹ ਬੜੀ ਮਾੜੀ ਗੱਲ ਐ । ਮੈਂ ਤਾਂ ਉਹਨੂੰ ਜ਼ਰੂਰ ਮਿਲਣਾ ਸੀ । ਬਾਕੀ ਦਾ ਗਲਾਸ ਉਹ ਗਟ ਗਟ ਕਰ ਕੇ ਪੀ ਗਿਆ ਤੇ ਫਿਰ ਗੰਭੀਰ ਹੋ ਕਹਿੰਦਾ ਗਿਆ—ਕੁਝ ਵੀ ਬਦਲਿਆ ਨੀ ਲਗਦਾ......ਪਰ ਸ਼ਾਇਦ ਲਗਦਾ ਵੀ ਐ । ਬੱਚਿਆਂ ਨੂੰ ਹੀ ਵੇਖੋ । ਹੁਣੇ ਹੁਣੇ ਮੈਂ ਦੋ ਬਚਿਆਂ ਨੂੰ ਬਾਹਰ ਮਿਲਿਆ ਸਾਂ । ਪਹਿਲਾਂ ਜਦੋਂ ਮੈਂ ਏਸ ਸ਼ਹਿਰ ਆਉਂਦਾ ਹੁੰਦਾ ਸੀ ਬੱਚੇ ਮੇਰੇ ਦੁਆਲੇ ਝੁਰਮਟ ਪਾ ਚੀਕਣ ਲਗ ਜਾਂਦੇ ਸਨ—ਚਿਯੁਇੰਗ ਗਮ, ਜੋ ! ਪਰ ਅੱਜ ਇਹਨਾਂ ਦੋ ਬੱਚਿਆ ਨੇ ਇਕ ਲਫ਼ਜ਼ ਤੱਕ ਨੀ ਬੋਲਿਆ । ਜਦੋਂ ਮੈਂ ਚਿਯੁਇੰਗ ਗਮ ਦਾ ਨਾਂ ਲਿਆ, ਉਹਨਾਂ ਮੇਰੀ ਗੱਲ ਤੱਕ ਨੀ ਸੁਣੀ । ਸਗੋਂ ਭੱਜ ਗਏ ।

—ਉਹ ਮੇਰੇ ਬੱਚੇ ਸਨ, ਫਿਲਪੀਨੀ ਨੇ ਆਖਿਆ, ਉਹਨਾਂ ਨੇ ਪਿਛਲੇ ਬੂਹੇ ਵਿਚੋਂ ਦੀ ਸਾਰੀ ਗੱਲ ਮੈਨੂੰ ਦੱਸ ਦਿਤੀ ਸੀ । ਮੈਂ ਆਪਣੇ ਬੱਚਿਆਂ ਨੂੰ ਸਿਖਾਇਆ ਹੈ ਕਿ ਕਦੀ ਵੀ ਕਿਸੇ ਅਮ੍ਰੀਕ......ਅਜਨਬੀ ਤੋਂ ਕੁਝ ਨਾ ਮੰਗਣਾ ।

—ਇੰਝ ਕਰਨਾ ਠੀਕ ਐ ? ਅਮ੍ਰੀਕਣ ਨੇ ਪੁਛਿਆ । ਫਿਰ ਉਹ ਇਕ ਦਮ ਚੁਪ ਹੋ ਗਿਆ । ਬਾਕੀ ਦੀ ਬੀਅਰ ਬੋਤਲ 'ਚੋਂ ਗਲਾਸ 'ਚ ਉਲਟਾਈ ਤੇ ਗੱਲ ਦਾ ਰੁਖ ਬਦਲਣ ਲਈ ਬੋਲਿਆ—ਟੋਨੀ, ਤੂੰ ਏਨੇ ਵਰ੍ਹੇ ਕੀ ਕਰਦਾ ਰਿਹਾ ?

ਫਿਲਪੀਨੀ ਉਠਿਆ ਅਤੇ ਕਮਰੇ 'ਚ ਫਿਰਨ ਲੱਗਿਆ । ਫਿਰ ਉਹ ਪਰਤਿਆ ਤੇ ਆਪਣੀ ਪਤਨੀ ਦੀ ਕੁਰਸੀ 'ਤੇ ਝੁਕ ਬੋਲਿਆ—ਮੈਂ ਏਨੇ ਵਰ੍ਹੇ ਕੀ ਕਰਦਾ ਰਿਹਾ ? ਚੰਗਾ ਹੁੰਦਾ ਜੇ ਤੂੰ ਮੈਨੂੰ ਇਹ ਸਵਾਲ ਪੁਛਦਾ—ਟੋਨੀ, ਦੱਸ ਏਨੇ ਵਰ੍ਹੇ ਮੈਂ ਤੇਰੇ ਨਾਲ ਕੀ ਕਰਦਾ ਰਿਹਾ ?

ਅਮ੍ਰੀਕਣ ਨੇ ਉਹਦੇ ਵਲ ਘੂਰ ਕੇ ਤਕਿਆ ਅਤੇ ਬੋਲਿਆ—ਏਹ ਤੂੰ ਬੜੀ ਅਜੀਬ ਗੱਲ ਕੀਤੀ ਐ ! ਮੈਂ ਤੇਰਾ ਮਤਲਬ ਨੀ ਸਮਝਿਆ । ਮੈਂ ਤਾਂ ਤੇਰੇ ਨਾਲ ਕੋਈ ਬੁਰੀ ਨੀ ਕੀਤੀ ।

—ਨਹੀਂ ਕੀਤੀ ? ਫ਼ਿਲਪੀਨੀ ਦੀ ਪਤਨੀ ਨੇ ਆਪਣੀ ਠੋਡੀ ਉਤਾਂਹ ਚੁਕਦਿਆਂ


Autoplan

KINGSGATE
INSURANCE
AGENCIES

104 KINGSGATE MALL
370 EAST BROADWAY
VANCOUVER,

Bus. Tel.
872-7827
or
874-2125

ਪੁਛਿਆ।

ਫਿਲਪੀਨੀ ਨੇ ਆਪਣੀ ਪਤਨੀ ਦੀ ਬਾਂਹ ਘੁੱਟ ਉਹਨੂੰ ਹੋਰ ਕੁਝ ਬੋਲਣ ਤੋਂ ਹੋੜਿਆ। ਫਿਰ ਗੱਲ ਦਾ ਰੁਖ ਬਦਲ ਕਹਿਣ ਲਗਿਆ—ਮੇਰਾ ਮਤਲਬ ਐ ਅਮ੍ਰੀਕਣ ਸਰਕਾਰ ! ਪਾਲ, ਸ਼ਾਇਦ ਤੈਨੂੰ ਯਾਦ ਨਹੀਂ ਸਾਡੀ ਇਕ ਚੌਲਾਂ ਦੀ ਮਿੱਲ ਹੁੰਦੀ ਸੀ। ਜਦੋਂ ਤੁਹਾਡੀ ਫੌਜ ਆਈ ਉਹਨੇ ਬੰਬਾਂ ਨਾਲ ਸਾਡੀ ਮਿੱਲ ਤਬਾਹ ਕਰ ਦਿੱਤੀ ਹਾਲਾਂਕਿ ਉਥੇ ਕੋਈ ਜਪਾਨੀ ਨਹੀਂ ਸੀ। ਫਿਰ ਵੀ ਬੰਬਾਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਅਸੀਂ ਬਿਲਕੁਲ ਨੰਗ ਹੋ ਗਏ। ਜਦੋਂ ਤੂੰ ਏਥੇ ਹੁੰਦਾ ਸੈਂ, ਤੈਨੂੰ ਪਤੈ, ਅਸੀਂ ਕਿੰਨੀ ਤੰਗੀ ਨਾਲ ਗੁਜ਼ਾਰਾ ਕਰਦੇ ਸਾਂ—ਸਿਰਫ਼ ਅਮ੍ਰੀਕਣ ਫੌਜੀਆਂ ਦੀ ਖ਼ੈਰਾਤ ਨਾਲ। ਪਰ ਉਦੋਂ ਇਕ ਆਸ ਸੀ ਕਿ ਏਸ ਨੁਕਸਾਨ ਦਾ ਇਵਜ਼ਾਨਾ ਸਾਨੂੰ ਜ਼ਰੂਰ ਮਿਲ ਜਾਵੇਗਾ। ਤੁਹਾਡੀ ਸਰਕਾਰ ਨੇ ਵਾਅਦਾ ਵੀ ਕੀਤਾ ਸੀ। ਪਰ ਆਖ਼ਰ ਸਾਨੂੰ ਕੀ ਮਿਲਿਆ ? ਬਹੁਤ ਹੀ ਥਹੁੜਾ। ਤੇ ਜਿਹੜਾ-ਥਹੁੜਾ-ਬਹੁਤਾ ਮਿਲਿਆ ਉਹ ਵਕੀਲਾਂ ਦੀਆਂ ਫੀਸਾਂ ਮੂੰਹ ਚਲਿਆ ਗਿਆ। ਇੰਝ ਸਿਰਫ਼ ਸਾਡੇ ਨਾਲ ਹੀ ਨਹੀਂ ਹੋਈ। ਸਾਡੇ ਵਰਗੇ ਹੋਰ ਵੀ ਬਥੇਰੇ ਨੇ। ਅਸੀਂ ਸਭ ਕੁਝ ਤੁਹਾਡੀ ਜੰਗ ਦੇ ਭੇਂਟ ਚੜ੍ਹਾ ਦਿਤਾ। ਪਰ ਹੁਣ ਸਾਨੂੰ, ਫਿਲਪੀਨੀਆਂ ਨੂੰ ਦੇਣ ਲਈ ਤੁਹਾਡੇ ਕੋਲ ਕੁਝ ਨਹੀਂ। ਸ਼ਾਇਦ ਸਭ ਕੁਝ ਉਸ ਫੌਜੀ ਅੱਡੇ ਲਈ ਚਾਹੀਦਾ ਹੈ—ਜਿਥੇ ਤੂੰ ਰਹਿੰਦਾ ਏਂ—ਜਿਥੇ ਤੇਰੇ ਕਹਿਣ ਅਨੁਸਾਰ ਜ਼ਿੰਦਗੀ ਬੜੀ ਸੌਖੀ ਹੈ।

—ਇਕ ਮਿੰਟ, ਟੋਨੀ, ਅਮ੍ਰੀਕਣ ਨੇ ਉਹਨੂੰ ਟੋਕਿਆ—ਇੰਝ ਮਹਿਸੂਸ ਕਰਨ ਵਿਚ ਤੇਰਾ ਕੋਈ ਬਹੁਤਾ ਕਸੂਰ ਨਹੀਂ। ਪਰ ਮੈਨੂੰ ਤਾਂ ਕਸੂਰਵਾਰ ਨਾ ਸਮਝ। ਜੇ ਮੇਰੇ ਵੱਸ ਹੋਵੇ ਤਾਂ ਜ਼ਰੂਰ ਤੇਰੀ ਸਹਾਇਤਾ ਕਰਾਂ। ਤੈਨੂੰ ਇਸ ਗੱਲ ਦਾ ਪਤਾ ਹੈ।

—ਤੂੰ ਪੁਛਿਆ ਸੀ ਮੈਂ ਕੀ ਕਰਦਾ ਹਾਂ, ਫਿਲਪੀਨੀ ਬੋਲਿਆ, ਘਰ ਦੇ ਨਾਲ ਤੂੰ ਓਹ ਸਟੋਰ ਵੇਖਿਆ ਸੀ—ਜਦੋਂ ਤੂੰ ਆਇਆ ਸੈਂ ? ਮੈਂ ਏਹ ਕੁਝ ਕਰਦਾ ਹਾਂ। ਬਿਸਕੁਟ ਤੇ ਗੋਲੀਆਂ ਵੇਚਦਾ ਹਾਂ।

—ਮੈਨੂੰ ਬੜਾ ਅਫ਼ਸੋਸ ਐ, ਟੋਨੀ, ਅਮ੍ਰੀਕਣ ਬੋਲਿਆ, ਮੇਰੇ ਲਾਇਕ ਕੋਈ ਸੇਵਾ ਦੱਸ। ਵੇਖ ! ਅੱਡੇ 'ਚ ਮੇਰੀ ਬਥੇਰੀ ਪਹੁੰਚ ਐ। ਮੈਂ ਚੀਜ਼ਾਂ ਦਾ ਟਰੱਕ ਲੱਦ ਕੇ ਤੈਨੂੰ ਲਿਆ ਦਿੰਦਾ ਹਾਂ। ਤੂੰ ਅਸਲੀ ਸਟੋਰ ਬਣਾ ਲੈ......

—ਨਹੀਂ ! ਫਿਲਪੀਨੀ ਨੇ ਹੱਥ ਉਤਾਂਹ ਚੁੱਕ ਤੇ ਆਪਣੀਆਂ ਅੱਖਾਂ ਬੰਦ ਕਰ ਅਮ੍ਰੀਕਣ ਅਫ਼ਸਰ ਦੀ ਗੱਲ ਟੁੱਕ ਘੱਤੀ।

—ਪਰ ਕਿਉਂ ? ਕੀ ਹਰਜ ਐ ਏਹਦੇ 'ਚ ? ਫੇਰ ਇੰਝ ਕਰਨ ਵਾਲਾ ਤੂੰ 'ਕੱਲਾ ਤਾਂ ਨੀ। ਮੈਂ ਦਾਅਵੇ ਨਾਲ ਕਹਿ ਸਕਦਾਂ ਕਿ ਬਥੇਰਿਆਂ ਨੇ ਅਮ੍ਰੀਕਣ-ਅੱਡੇ 'ਚੋਂ ਲੋਹੜੇ ਦੀ ਕਮਾਈ ਕੀਤੀ ਐ।

—ਮੈਨੂੰ ਇੰਝ ਸੁਣ ਕੇ ਹੈਰਾਨੀ ਨਹੀਂ ਹੋਈ, ਫਿਲਪੀਨੀ ਨੇ ਆਖਿਆ। ਕੁਰਸੀ ਦੀ ਪਿੱਠ 'ਤੇ ਟਿਕੇ ਉਹਦੇ ਹੱਥ ਚਿੱਟੇ ਹੋ ਗਏ।

—ਕਾਸ਼ ! ਤੇਰੀ ਭੈਣ ਨੀਤਾ ਏਥੇ ਹੁੰਦੀ। ਅਮ੍ਰੀਕਣ ਬੋਲਿਆ, ਨੀਤਾ ਨਾਲ ਹਮੇਸ਼ਾਂ ਹੀ ਕੰਮ ਦੀਆਂ ਗੱਲਾਂ ਹੁੰਦੀਆਂ ਸਨ।

—ਨੀਤਾ ! ਔਰਤ ਅਚਾਨਕ ਪਾਟ ਪਈ, ਨੀਤਾ ਬਾਰੇ ਕੋਈ ਗੱਲ ਨਾ ਕਰੀਂ।

ਫਿਲਪੀਨੀ ਨੇ ਆਪਣੀ ਪਤਨੀ ਦੀ ਬਾਂਹ ਫੜ ਉਹਨੂੰ ਹੋੜਨਾ ਚਾਹਿਆ ਪਰ ਉਹਨੇ ਆਪਣੇ ਪਤੀ ਦਾ ਹੱਥ ਝਟਕਦਿਆਂ ਕਹਿਣਾ ਸ਼ੁਰੂ ਕੀਤਾ—ਠੀਕ ਏ, ਜੇ ਤੂੰ ਏਹਨੂੰ ਨਹੀਂ ਦੱਸੇਂਗਾ ਤਾਂ ਮੈਂ ਦੱਸਾਂਗੀ.........ਆਪਣੇ ਸ਼ਬਦਾਂ ਦੀ ਸ਼ਿਦੱਤ ਨਾਲ ਉਸ ਅੱਧੀ ਝੁਕੀ ਹੋਈ ਨੇ ਅਮ੍ਰੀਕਣ ਨੂੰ ਸੰਬੋਧਨ ਕੀਤਾ—ਨੀਤਾ ਦੇ ਇਕ ਬੱਚਾ ਹੈ ! ਤਾਂ ਹੀ ਉਹ ਏਥੋਂ ਚਲੀ ਗਈ ਸੀ ! ਨੀਤਾ ਦੇ ਇਕ ਬੱਚਾ ਹੈ !

—ਬੱਚਾ ?

ਗਲਾਸ 'ਚੋਂ ਬੀਅਰ ਅਮ੍ਰੀਕਣ ਦੀ ਪੈਂਟ 'ਤੇ ਡੁਲ੍ਹ ਗਈ। ਉਹਨੇ ਗਲਾਸ ਕੁਝ ਜ਼ੋਰ ਨਾਲ ਮੇਜ਼ 'ਤੇ ਮਾਰਿਆ, ਕੁਰਸੀ ਦੀਆਂ ਬਾਹਾਂ ਫੜ ਅਗਾਂਹ ਵਲ ਝੁਕਦਿਆਂ ਬੋਲਿਆ—ਕੀ ਮਤਲਬ ?.........ਆਖ਼ਰ ਤੂੰ ਕਹਿਣਾ ਕੀ ਚਾਹੁੰਦੀ ਏਂ ?

—ਹਾਂ, ਔਰਤ ਬੋਲੀ, ਤੇਰਾ ਬੱਚਾ !

ਅਮ੍ਰੀਕਣ ਫਿਲਪੀਨੀ ਵਲ ਮੁੜਿਆ—ਟੋਨੀ ! ਤੂੰ ਤਾਂ ਮੈਨੂੰ ਬੇਵਕੂਫ਼ ਨਹੀਂ ਬਣਾਏਂਗਾ। ਕੀ ਏਹ ਸੱਚ ਏ ?


**Film Information**

**Vancouver**

**METRO**
**1370 S.W. Marine**
**266-7191**

**OLYMPIA**
**2381 E. Hastings**
**255-2920**

**RIO**
**1660 E. Broadway**
**873-1412**

**YORK**
**639 Commercial**
**255-0141**

**Calgary**

**PLAZA**
**1133 Kensington Rd. N.W.**
**283-2223**

—ਹਾਂ, ਏਹ ਸੱਚ ਏ । ਫਿਲਪੀਨੀ ਸਾਰੀ ਗੰਭੀਰਤਾਂ ਸਮੇਟੀ ਬੈਠਾ ਸੀ।

—ਪਰ ਮੈਨੂੰ ਤਾਂ ਏਹਦਾ ਉੱਕਾ ਹੀ ਪਤਾ ਨਹੀਂ ! ਨੀਤਾ ਨੇ ਮੈਨੂੰ ਦਸਿਆਂ ਤੱਕ ਨਹੀਂ ।

—ਕਿਵੇਂ ਦਸਦੀ ਤੈਨੂੰ ? ਔਰਤ ਨੇ ਜ਼ੋਰ ਦੇ ਕੇ ਆਖਿਆ......,ਉਹਨੂੰ ਕੀ ਪਤਾ ਸੀ ਤੂੰ ਕਿਥੇ ਏਂ......ਤੈਂ ਕੇਹੜਾ ਉਹਨੂੰ ਕਦੀ ਚਿੱਠੀ ਪਾਈ ਏ ।

—ਮੈਨੂੰ ਪਹਿਲਾਂ ਸੂਚਿਤ ਕੀਤੇ ਬਿਨਾਂ ਬਾਹਰ ਭੇਜ ਦਿੱਤਾ ਸੀ । ਅਮ੍ਰੀਕਣ ਬੋਲਿਆ ।

—ਪਰ ਤੂੰ ਖ਼ਤ ਤਾਂ ਪਾ ਸਕਦਾ ਸੈਂ । ਔਰਤ ਨੇ ਗੱਲ ਦੁਹਰਾਈ......ਤੇ ਹੁਣ ਤੂੰ ਮੁੜ ਆਇਆ ਏਂ ਅਤੇ ਹੁਣ ਉਥੋਂ ਮੁੜ ਸ਼ੁਰੂ ਕਰਨਾ ਚਾਹੁੰਦਾ ਏਂ ਜਿਥੇ ਛੱਡ ਕੇ ਗਿਆ ਸੈਂ, ਏਹੀ ਨਾ ?

—ਹੁਣ ਤੁਹਾਨੂੰ ਉਹਦਾ ਪਤਾ ਦੱਸਣਾ ਹੀ ਪਵੇਗਾ, ਅਮ੍ਰੀਕਣ ਨੇ ਆਖਿਆ, ਹੁਣ ਮੈਂ ਉਹ ਨੂੰ ਲੱਭ ਕੇ ਹੀ ਛੱਡਾਂਗਾ ।

—ਮੈਂ ਇੰਝ ਨਹੀਂ ਕਰ ਸਕਦਾ । ਫਿਲਪੀਨੀ ਬੋਲਿਆ ।

—ਅਸੀਂ ਕਦੀ ਇੰਝ ਨਹੀਂ ਕਰਾਂਗੇ । ਔਰਤ ਨੇ ਫ਼ੈਸਲਾਕੁਨ ਅਵਾਜ਼ 'ਚ ਆਖਿਆ ।

—ਕੋਈ ਗੱਲ ਨੀ, ਮੈਂ ਆਪ ਉਹਨੂੰ ਲੱਭ ਲਵਾਂਗਾ । ਅਮ੍ਰੀਕਣ ਨੇ ਆਖਿਆ, ਮੈਂ ਕਿਸੇ ਨੂੰ ਪੈਸੇ ਦੇ ਕੇ ਉਹਦਾ ਪਤਾ ਪੁੱਛ ਲਵਾਂਗਾ ।

—ਉਹਨੂੰ ਉਹਦੇ ਹਾਲ 'ਤੇ ਹੀ ਛੱਡ ਦੇ । ਬਥੇਰੀ ਹੋ ਗਈ ਉਹਦੇ ਨਾਲ । ਔਰਤ ਬੋਲੀ ।

ਬਥੇਰੀ ਹੋ ਗਈ ? ਅਮ੍ਰੀਕਣ ਨੇ ਕਿਹਾ, ਉਹ ਤੰਗੀ 'ਚ ਹੋਵੇਗੀ । ਉਹਨੂੰ ਪੈਸਿਆਂ ਦੀ ਲੋੜ ਹੋਵੇਗੀ ।

—ਪੈਸੇ ? ਫਿਲਪੀਨੀ ਬੋਲਿਆ, ਜੰਗੀ-ਹਰਜਾਨਾ ਦੇਣਾ ਚਾਹੁੰਦਾ ਏਂ ?

ਅਮ੍ਰੀਕਣ ਨੇ ਘੂਰਕੇ ਫਰਸ਼ ਵਲ ਤਕਿਆ । ਫਿਰ ਉਹਨੇ ਨਜ਼ਰਾਂ ਉਤਾਂਹ ਚੁਕੀਆਂ ਤੇ ਆਖਿਆ—ਜੇ ਤੁਸੀਂ ਮੇਰੀ ਦਲੇਰੀ ਦੀ ਦਾਦ ਨਹੀਂ ਦਿੰਦੇ ਨਾ ਦੇਵੋ......

ਫਿਲਪੀਨੀ ਚੁਪ-ਚਾਪ ਖਲੋਤਾ ਰਿਹਾ ਅਤੇ ਕੁਰਸੀ ਦੀ ਪਿੱਠ 'ਤੇ ਰਖੇ ਆਪਣੇ ਹੱਥ ਵਲ ਵੇਖਦਾ ਰਿਹਾ ।

ਅਮ੍ਰੀਕਣ ਓਪਰਿਆਂ ਵਾਂਗ ਖਲੋ ਗਿਆ ਤੇ ਕਹਿਣ ਲਗਿਆ—ਵੇਖੋ ! ਬੱਚੇ ਲਈ ਵਧਣਾ ਫੁੱਲਣਾ ਬਹੁਤ ਜ਼ਰੂਰੀ ਐ, ਤੇ ਉਹਨੂੰ ਹਰ ਚੀਜ਼ ਦਾ ਪਤਾ ਵੀ ਲਗਣਾ ਚਾਹੀਦਾ ਹੈ । ਘੱਟੋ ਘੱਟ ਮੈਨੂੰ ਏਹ ਦੱਸ ਦੇਵੋ ਉਹ ਮੁੰਡਾ ਹੈ ਜਾਂ ਕੁੜੀ ।

—ਏਹਦੇ ਨਾਲ ਕੀ ਫਰਕ ਪੈ ਜਾਵੇਗਾ । ਫਿਲਪੀਨੀ ਨੇ ਆਖਿਆ ।

—ਮੈਂ ਉਹਦਾ ਬਾਪ ਹਾਂ । ਅਮ੍ਰੀਕਣ ਬੋਲਿਆ ।

ਉਹ ਚੁਪ ਚਾਪ ਖਲੋਤੇ ਰਹੇ ।

—ਕੀ ਤੁਸੀਂ ਨੀਤਾ ਨੂੰ ਦੱਸ ਦੇਵੋਗੇ ਕਿ ਮੈਂ ਏਥੇ ਆਇਆ ਸਾਂ ?

—ਕੀ ਫਾਇਦਾ ਹੈ ?

ਅਮ੍ਰੀਕਣ ਨੇ ਆਪਣੀ ਟੋਪੀ ਚੁੱਕੀ, ਉਹਨੂੰ ਆਪਣੀਆਂ ਉਂਗਲਾਂ 'ਚ ਮਰੋੜਦਿਆਂ ਬੋਲਿਆ —ਮੈਂ ਹੁਣ ਚਲਦਾ ਹਾਂ । ਯਕੀਨ ਕਰਨਾ, ਮੈਂ ਨਹੀਂ ਸਾਂ ਚਾਹੁੰਦਾ ਕਿ ਗੱਲ ਇੰਝ ਬਣ ਜਾਵੇ । ਮੈਂ ਠੀਕ ਕੰਮ ਕਰਨਾ ਚਾਹੁੰਦਾ ਸਾਂ ।

ਫਿਲਪੀਨੀ ਤੇ ਉਹਦੀ ਪਤਨੀ ਦੋਵੇਂ ਚੁੱਪ ਰਹੇ । ਅਮ੍ਰੀਕਣ ਹੌਲੀ ਹੌਲੀ ਬੂਹੇ ਵਲ ਵਧਿਆ । ਫਿਰ ਮੁੜਿਆ ਤੇ ਕਹਿਣ ਲਗਿਆ—ਮੈਂ......ਅਲਵਿਦਾ !

ਉਹ ਬੂਹਾ ਲੰਘ, ਪੌੜੀਆਂ ਉਤਰਿਆ । ਪਹਿਲਾਂ ਹੌਲੀ ਹੌਲੀ ਅਤੇ ਫਿਰ ਤੇਜ਼ ਕਦਮ ਤੁਰਨ ਲਗ ਪਿਆ । ਜਦੋਂ ਉਹਨੇ ਖਿੜਕੀ ਖੋਲ੍ਹੀ ਤਾਂ ਚੀਂ ਚੀਂ ਦੀ ਵਾਜ ਕੁਝ ਜ਼ਿਆਦਾ ਹੀ ਆਈ । ਸਟੋਰ 'ਤੇ ਬੈਠੇ ਲੋਕਾਂ ਨੇ ਉਹਦੇ ਵਲ ਘੂਰ ਕੇ ਵੇਖਿਆ । ਉਹਨੇ ਜੀਪ ਸਟਾਰਟ ਕੀਤੀ ਤੇ ਇਕ ਦਮ ਘਰ ਦੇ ਸਾਹਮਣੇ ਵਾਪਸੀ ਮੋੜ ਕਟਿਆ ।

ਪਲ ਪਲ ਤੇਜ਼ ਹੁੰਦੀ ਜਾਂਦੀ ਜੀਪ ਸੜਕ ਤੇ ਖੌਰੂ ਪਾਉਂਦੀ ਜਾ ਰਹੀ ਸੀ ਅਤੇ ਪਿਛੇ ਧੂੜ ਦੇ ਬੱਦਲ ਉਡਦੇ ਜਾ ਰਹੇ ਸਨ ।

(ਪੰਜਾਬੀ ਰੂਪ - ਰਘਬੀਰ ਢੰਡ)

ਜੇ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਚਿਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਸਾਨੂੰ ਭੇਜੋ !

ਜੇਕਰ ਕਿਸੇ ਪਾਠਕ ਨੂੰ ਪਰਚਾ ਨਾ ਮਿਲੇ ਜਾਂ ਲੇਟ ਮਿਲੇ ਤਾਂ ਜਿੰਨੀ ਜਲਦੀ ਹੋ ਸਕੇ ਸਾਨੂੰ ਪਤਾ ਦੇਵੇ।
ਲਿਖਦੇ ਸਮੇਂ ਆਪਣੀ ਚਿੱਟ ਨੰਬਰ ਤੇ ਪਰਚਾ ਦੇਰੀ ਨਾਲ ਮਿਲਣ ਦੀ ਤਰੀਕ ਜ਼ਰੂਰ ਲਿਖੋ।

**WATNO DUR**
**is available at**
**the following store :**

**VANCOUVER:**
**GLOBE SPICES & FOODS**
**6695 Fraser (51st Ave.)**
**Vancouver, B.C.**
**Phone 321-2472**

# LOYAL FURNITURE LTD.

## 2707 Main St. Vancouver, B.C.
## Phone 879-8319



ਇਹ ਸੈਟ 6 ਵੱਖ ਵੱਖ ਰੰਗਾਂ ਚ, ਮਿਲ ਸਕਦਾ ਹੈ।
ਕੀਮਤ ਕੇਵਲ ੨੫੧ ਡਾਲਰ
੨ ਪੀਸ ਸਿੰਗਲ ਬੈਡ — ੪੧ ਡਾਲਰ
੨ ਪੀਸ ਡਬਲ ਬੈਡ —10੧ ਡਾਲਰ



੩ ਪੀਸ ਬੈਡ ਰੂਮ ਸਵੀਟ ਸਣੇ ਕੁਈਨ ਸਾਈਜ਼ ਬੈਡ ਸਿਰਫ਼ -
੨੧੧ ਡਾਲਰ

ਆਪਣੇ ਭਰਾਵਾਂ ਦੇ ਇਸ ਫਰਨੀਚਰ ਸਟੋਰ ਤੇ ਹਰ ਆਈਟਮ ਵਾਜਬ ਕੀਮਤ ਤੇ ਮਿਲਦੀ ਹੈ। ਆਓ ਤੇ ਇਸ ਮਹੀਨੇ ਚਲ ਰਹੀ ਪ੍ਰੀ: ਕਰਿਸਮਿਸ ਸੇਲ ਦਾ ਫਾਇਦਾ ਉਠਾਓ। ਸਟੋਰ ਹਰ ਰੋਜ਼ ਖੁਲ੍ਹਾ ਹੁੰਦਾ ਹੈ।

---

# SHIVALIK PUBLIC SCHOOL

## CHANDIGARH

**Top school in Punjab for the children of those Punjabis who live in foreign countries and want to see that their children preserve their culture.**

*Though co-educationed Institute but have full parental like responsibilities for boys and girls. One teacher comes to airport and is fully responsible to and from the airport.*

For further information contact:
DHARAM SINGH BANSAL, AT 325-1784

**FOR ALL KINDS OF REAL ESTATE SERVICES CONTACT**



OFFICE
437-9431

RES.
433-3334

**DARSHAN BRAR MA**

Real Estate Board Award Winner

Member Medallion Club & Master Member

**UNITED REALTY LTD.**

2443 Kingsway
Vancouver

**PHONE ANY TIME FOR NEW & USED CARS and HALF TON TRUCKS**



# MAJER SINGH DHALIWAL

**CAR SALESMAN**

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਅੱਛੀ
ਘੱਟ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ
ਨੂੰ ਮਿਲੋ ਜੋ 641-LOUGHEED HWY. (NEAR LOUGHEED MALL)
COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਵਾਕਫ਼ੀ ਲਈ ਘਰ
594-2838 ਤੇ ਫ਼ੋਨ ਕਰੋ। ਗੈਰੇਜ ਵਿੱਚ ਪੁੱਜਕੇ ਮੈਨੇਜਰ ਨੂੰ ਕਹੋ
ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

***GARY PONTIAC-BUICK & GMC LTD***

Plan

# India Holidays

*with*

SAFEWAYS GROUPS

*For Instant Booking call collect:*

604-873-5631
604-873-4011

*We will arrange Canadian, Indian and Fijian passports.*

SAFEWAYS
TRAVEL AGENCY LTD.

*1391 Kingway Vancouver, B.C.*
*V5V 3E3*

**For free consultation and professional advice in buying, selling or trading any type of real estate contact any time**

OFFICE
324-3888
RES.
434-4060



**MANJEET S. BHATTI**

LOVE ROCK REALTY

5316 Victoria Drive,
Vancouver, B.C.

# ਇਕ ਵਾਰੀ ਫਿਰ

॥

ਦਲਬੀਰ ਚੇਤਨ

ਪਾਸ਼ ਅਜ ਡਾਢੀ ਉਦਾਸ ਸੀ—ਛਾਂਗੇ ਹੋਏ ਰੁੱਖ ਵਾਂਗਰਾਂ ਉਦਾਸ, ਸਿਆਲ ਦੀ ਧੁੱਪ ਵਾਂਗਰਾਂ ਉਦਾਸ, ਤੇ ਕਿਸੇ ਹੱਥੀਂ ਤੋਰੇ ਪਿਆਰੇ ਦੀ ਮੁੜ ਮੁੜ ਆਉਂਦੀ ਯਾਦ ਵਾਂਗਰਾਂ ਉਦਾਸ।

ਅੱਧ ਖੁੱਲ੍ਹੇ ਬੂਹੇ ਨੂੰ ਠਰੀ ਵ੍ਹਾ ਦਾ ਬੁੱਲ੍ਹਾ, ਧੱਕਾ ਦੇ ਕੇ ਅੰਦਰ ਲੰਘ ਆਇਆ। ਕੰਧ ਨਾਲ ਢੋਅ ਲਾ ਕੇ ਖਲੋਤੀ ਪਾਸ਼ ਕੰਬਣੀ ਖਾ ਕੇ ਰਹਿ ਗਈ। ਬੇਸੁਰਤੀ ਜਿਹੀ ਦੀ ਹਾਲਤ ਵਿਚ ਉਹਨੇ ਬੂਹਾ ਢੋਅ ਦਿਤਾ। ਆਪਣੇ ਠਰੇ ਹੱਥਾਂ ਨੂੰ ਮੱਘਦੇ ਹੀਟਰ ਉਤੇ ਸੇਕਦਿਆਂ ਵੀ ਉਹ ਕੰਬੀ ਜਾ ਰਹੀ ਸੀ। ਉਸ ਨੇ ਇਕ ਲੰਮਾ ਹਾਉਕਾ ਲਿਆ। ਆਪਣੀ ਜ਼ਿੰਦਗੀ ਦੇ ਦੁੱਖਾਂ ਵਰਗਾ ਲੰਮਾ। ਉਹਨੇ ਜ਼ਿੰਦਗੀ ਵਿਚ ਸਭ ਕੁਝ ਚੁਪ ਚਾਪ ਸਹਿ ਲਿਆ ਸੀ, ਕਦੇ ਵੀ ਕੋਈ ਸ਼ਿਕਾਇਤ ਨਹੀਂ ਸੀ ਕੀਤੀ। ਪਿਉਵੋਂ ਬਾਹਰੀ ਪਾਸ਼ ਦੀ ਇਕ ਬੁੱਢੀ ਮਾਂ ਤੇ ਛੋਟੀ ਭੈਣ ਹੀ ਸੀ। ਜ਼ਿੰਦਗੀ ਨੇ ਉਹਨਾਂ ਨੂੰ ਵੀ ਤਾਂ ਕੁਝ ਨਹੀਂ ਸੀ ਦਿੱਤਾ, ਬੁੱਢੇ ਤੇ ਛੋਟੇ ਹੱਥ ਆਪਣੇ ਆਸਰੇ ਲਈ, ਉਸ ਦੇ ਹੱਥਾਂ ਵਲ ਹੀ ਵਿੰਹਦੇ ਸਨ। ਉਹ ਆਪਣੀ ਹਿੰਮਤ ਨਾਲ ਗਿਆਨੀ ਕਰਕੇ ਇਕ ਸਕੂਲ ਵਿਚ ਪੜ੍ਹਾਉਣ ਲੱਗ ਪਈ ਤੇ ਉਸ ਦੀ ਤਨਖਾਹ ਨਾਲ ਘਰ ਦਾ ਥੋੜ੍ਹਾ ਬਹੁਤ ਧੂਆਂ ਧੁਖਣ ਲੱਗਾ।

ਨੌਕਰੀ ਉਤੇ ਲੱਗ ਕੇ ਉਹਨੇ ਆਪਣੀ ਉਮਰ ਤੋਂ ਵੀ ਭਾਰੇ ਫ਼ਰਜ਼ਾਂ ਦਾ ਭਾਰ ਸਿਰ ਚੁਕ ਲਿਆ। ਕਿਸੇ ਬਨੀਂਡੇ ਸ਼ਾਹ ਤੋਂ ਵਿਆਜੀ ਲਏ ਕਰਜ਼ੇ ਵਾਂਗ ਫ਼ਰਜ਼ਾਂ ਦਾ ਕਰਜ਼ਾ ਵੀ ਮੁਕਣ ਦਾ ਨਾਂ ਨਹੀਂ ਸੀ ਲੈਂਦਾ। ਪੱਥਰਾਂ ਜਿਹੇ ਹਾਲਤਾਂ ਨਾਲ ਮੱਥਾ ਮਾਰਦਿਆਂ ਉਹ ਆਪੂੰ ਵੀ ਇਕ ਪਠਾਰ ਜਿਹੀ ਬਣ ਕੇ ਰਹਿ ਗਈ ਸੀ। ਪਰ ਇਸ ਪਠਾਰ ਉਤੇ ਵੀ ਦੇਵ ਦੀ ਨੇੜਤਾ ਹਰਿਆਲੀ ਵਾਂਗ ਉੱਗ ਆਈ। ਸਕੂਲ ਦੇ ਸਾਰੇ ਸਟਾਫ਼ 'ਚੋਂ ਉਹਨੂੰ ਮਾਸਟਰ ਦੇਵ ਦੇ ਹੀ ਬੋਲ ਨਿੱਘੇ ਜਾਪਦੇ, ਖ਼ੁਸ਼ਬੂ ਵਰਗੇ। ਦੇਵ ਦੀਆਂ ਉਦਾਸ ਅੱਖਾਂ 'ਚੋਂ ਉਹਨੂੰ ਆਪਣਾ ਝਾਉਲਾ ਪੈਂਦਾ ਰਹਿੰਦਾ। ਇਸੇ ਲਈ ਉਹ ਉਹਦੇ ਕੋਲ ਕਿੰਨਾ ਕਿੰਨਾ ਚਿਰ ਬੈਠੀ ਰਹਿੰਦੀ। ਮਨੁੱਖਤਾ ਦਾ ਦਰਦ ਹਿੱਕ ਨਾਲੇ ਲਾਈ ਉਹ ਉਸ ਨੂੰ ਰਾਜਨੀਤੀ ਸਮਝਾਉਂਦਾ। ਸਮਾਜ ਵਿਚ ਵਿਚਰਦੇ ਵਿਤਕਰੇ ਨੂੰ ਸਪੱਸ਼ਟ ਕਰਦਾ ਤੇ ਇਹਨਾਂ ਨੂੰ ਦੂਰ ਕਰਨ ਵਾਲੀ ਜਦੋਜਹਿਦ ਦੀ ਰੂਪ ਰੇਖਾ ਉਲੀਕਦਾ।

ਪਾਸ਼ ਦੀ ਦੇਵ ਵਿਚ ਦਿਲਚਸਪੀ ਵਧਦੀ ਗਈ। ਉਸ ਦਾ ਸਾਥ ਉਹਨੂੰ ਸੂਰਜ ਦੀ ਲੋਅ ਵਰਗਾ ਲਗਦਾ। ਉਹਦੇ ਦਿਲ ਵਿਚ ਕਈ ਵਾਰ ਆਉਂਦਾ ਕਿ ਉਹ ਸੂਰਜ ਵਰਗੇ ਦੇਵ ਨੂੰ ਆਖੇ "ਵੇਖ, ਮੈਨੂੰ ਆਪਣੀ ਥੋੜੀ ਬਹੁਤ ਲੋਅ ਦੇਈ ਰਖੀਂ...ਕਿਤੇ ਮੈਂ ਨ੍ਹੇਰਿਆਂ 'ਚ ਭਟਕ ਨਾ ਜਾਵਾਂ।" ਪਰ ਇਕ ਦਿਨ ਉਹ ਹੈਰਾਨ ਹੀ ਰਹਿ ਗਈ। ਉਹਦਾ ਸੂਰਜ ਹੀ ਉਸਨੂੰ ਕਹਿ ਰਿਹਾ ਸੀ "ਪਾਸ਼ੀ, ਤੇਰੇ ਨਾਲ ਇਕ ਗੱਲ ਕਰਨੀ ਐ ਪਰ ਮੈਂ ਝਿਕਜਦਾਂ...ਮੈਂ ਕਦੇ ਵੀ ਆਪਣੇ ਵਿਆਹ ਬਾਰੇ ਨਹੀਂ ਸੀ ਸੋਚਿਆ। ਸੋਚਦਾ ਸੀ, ਜਿਹੜਾ ਰਾਹ ਮੈਂ ਚੁਣਿਆ, ਉਸ ਵਿਚ ਇਸ ਲਈ ਕੋਈ ਥਾਂ ਨਹੀਂ...ਪਰ ਹੁਣ ਮੈਂ ਮਹਿਸੂਸ ਕਰਦਾਂ ਕਿ ਜੇ ਤੇਰਾ ਸਾਥ ਮਿਲ ਜੇ ਤਾਂ ਮੈਂ ਦੂਣੀ ਹਿੰਮਤ ਨਾਲ ਬੇਇਨਸਾਫ਼ੀ ਵਿਰੁਧ ਲੜ ਸਕਦਾਂ..." ਹਾਸਿਆਂ ਦੇ ਸਰੋਵਰ ਵਿਚ ਤਰਦੀ ਪਾਸ਼, ਉਦਾਸੀ ਦਾ ਗੋਤਾ ਖਾ ਗਈ। ਉਹ ਕਿੰਨਾ ਚਿਰ ਇਕ ਟੱਕ ਦੇਵ ਵਲ ਵੇਖਦੀ ਰਹੀ ਤੇ ਫੇਰ ਡਾਢੀ ਔਖ ਜਿਹੀ ਨਾਲ ਉਹਨੇ "ਨਾਂਹ' ਵਿਚ ਸਿਰ ਹਿਲਾ ਦਿਤਾ "ਦੇਵ ਤੇਰੇ ਵਧਾਏ ਹੱਥ ਨੂੰ ਮੋੜਦਿਆਂ ਮੇਰਾ ਜੀਆ ਪਾਟਦਾ ਹੈ...ਪਰ ਯਕੀਨ ਕਰ ਲੈ, ਵਿਆਹ ਦੀ ਲਕੀਰ ਮੇਰੀ ਤਲੀ ਉਤੇ ਹੈ ਨਹੀਂ। ਛੋਟੀ ਭੈਣ ਨੂੰ ਪੜ੍ਹਾ ਲਿਖਾ ਕੇ ਕਿਸੇ ਥਾਂ ਜੋਗੀ ਕਰਨਾ ਹੈ, ਫੇਰ ਬੁੱਢੀ ਮਾਂ ਨੂੰ ਵੀ ਤਾਂ ਕੋਈ ਆਸਰਾ ਚਾਹੀਦੈ? ਬਹੁਤ ਇਕੱਲੀ ਹਾਂ, ਦੇਵ, ਪਰ ਮਨ ਦੇ ਨੇੜੇ ਰਹੀਂ, ਮੈਥੋਂ ਦੂਰ ਨਾ ਹੋ ਜਾਈਂ..."

ਪਰ ਦੇਵ ਅਜਿਹਾ ਦੂਰ ਗਿਆ ਕਿ ਮੁੜ ਜ਼ਿੰਦਗੀ ਵਿਚ ਵੇਖਣਾ ਵੀ ਨਸੀਬ ਨਾ ਹੋਇਆ। ਦੇਸ਼ ਦੀ ਆਜ਼ਾਦੀ ਲਈ ਜੇਲ੍ਹਾਂ ਵਿਚ ਰੁਲਦਿਆਂ ਅਖੀਰ ਜੇਲ੍ਹ ਵਿਚ ਹੀ ਉਸ ਦੀ ਜ਼ਿੰਦਗੀ ਦਾ ਅੰਤ ਹੋ ਗਿਆ...

ਸੀਤ ਹਵਾ ਦੇ ਝੌਂਕੇ ਨੇ ਢੁੱਕਿਆ ਬੂਹਾ ਫਿਰ ਖੋਲ੍ਹ ਦਿਤਾ। ਪਾਸ਼ ਨੇ ਉਠ ਕੇ ਤਖਤੇ ਭੇੜੇ ਤੇ ਅੰਦਰੋਂ ਚਿਟਕੋਣੀ ਲਾ ਦਿਤੀ। ਅਜ ਠਾਰ ਉਹਦੇ ਹੱਡਾਂ 'ਚੋਂ ਨਿਕਲਣ ਦਾ ਨਾਂ ਨਹੀਂ ਸੀ ਲੈ ਰਹੀ। ਉਹਨੇ ਹੀਟਰ ਨੂੰ ਖਿੱਚ ਕੇ ਹੋਰ ਲਾਗੇ ਕਰ ਲਿਆ। ਪਰ ਮੱਘਦੇ ਹੀਟਰ ਵਲ ਵੇਖ ਭੈਭੀਤ ਹੋ ਗਈ, ਮਾਂ ਦੀ ਚਿੱਖਾ ਯਾਦ ਆਈ...ਜਿਸ ਰਾਤ ਮਾਂ ਮਰੀ ਸੀ ਉਹ ਦੋਵੇਂ ਭੈਣਾਂ ਲਾਸ਼ ਨੂੰ ਚਿੰਬੜੀਆਂ ਸਾਰੀ ਰਾਤ ਰੋਂਦੀਆਂ ਰਹੀਆਂ ਸਨ। ਅਖ਼ੀਰ ਪਾਸ਼ ਨੇ ਆਪਣੇ ਅੱਥਰੂ ਪੂੰਝ ਛੋਟੀ ਭੈਣ ਨੂੰ ਗਲ ਲਾ ਲਿਆ ਸੀ, "ਇਹ ਤਾਂ ਦੁੱਖ ਸਾਰੀ ਉਮਰਾਂ ਦੇ ਰਾਣੀਏ, ਕਿੰਨਾ ਕੁ ਚਿਰ ਰੋਵਾਂਗੇ...ਹੌਸਲਾ ਕਰ, ਰੋਇਆਂ ਕਦੇ ਦੁੱਖ ਨਹੀਂ ਮੁੱਕਣੇ।"

ਤੇ ਇਨ੍ਹਾਂ ਦੁੱਖਾਂ ਨੂੰ ਮੁਕਾਉਣ ਲਈ ਉਹਨੇ ਸਭ ਕੁਝ ਵਿਸਾਰ ਦਿਤਾ। ਛੋਟੀ ਭੈਣ ਨੂੰ ਪੜ੍ਹਾ ਲਿਖਾ ਕੇ ਨੌਕਰੀ 'ਤੇ ਲਗਾਇਆ ਤੇ ਫੇਰ ਇਕ ਚੰਗਾ ਘਰ ਲੱਭ ਕੇ ਉਹਦਾ ਵਿਆਹ ਕਰ ਦਿਤਾ। ਭੈਣ ਨੂੰ ਘਰੋਂ ਤੋਰ ਉਹ ਅਸਲੋਂ ਇਕੱਲੀ ਹੋ ਗਈ। ਆਉਂਦਿਆਂ ਜਾਂਦਿਆਂ, ਭੈਣ ਭਣਵਈਏ ਨੇ ਕਈ ਵੇਰ ਨਾਲ ਲਿਜਾਣ ਲਈ ਜ਼ੋਰ ਪਾਇਆ ਪਰ ਉਹਦਾ ਸਿਰ ਨਾਂਹ ਵਿਚ ਹੀ ਹਿਲਦਾ ਰਿਹਾ। ਪਰ ਇਹ ਸੱਚ ਸੀ ਕਿ ਇਕੱਲੇ ਦੀ ਦੇਗ ਵਿਚ ਪਾਸ਼ ਤੋਂ ਉਬਲਿਆਂ ਨਹੀਂ ਸੀ ਜਾਂਦਾ। ਉਹਨੂੰ ਲਗਦਾ ਜਿਵੇਂ ਘਰ ਦੀਆਂ ਦੀਵਾਰਾਂ ਵਿਚ ਚਿਣੀ ਚਿਣੀ ਉਹ ਸਾਹ ਤੋੜ

ਦੇਵੇਗੀ...ਜਿਵੇਂ ਇਕੱਲ ਦੀ ਤੱਤੀ ਤਵੀ ਉਹਨੂੰ ਝੁਲਸ ਕੇ ਰੱਖ ਦਵੇਗੀ । ਪਰ ਹੌਲੀ ਹੌਲੀ ਇਸ ਸਭ ਕਾਸੇ ਦੀ ਉਹਨੂੰ ਆਦਤ ਪੈ ਗਈ। ਕੰਧਾਂ ਦੇ ਗਲ ਲੱਗ, ਉਹਨੇ ਆਪਣੇ ਆਪ ਨੂੰ ਵਰਚਾ ਲਿਆ। ਸਮੇਂ ਦੇ ਪਾਣੀਆਂ ਵਿਚ ਵਗਦਿਆਂ, ਇਕੱਲਤਾ ਦੇ ਬਾਈ ਸਾਲ ਇਨ੍ਹਾਂ ਪਾਣੀਆਂ ਵਿਚ ਘੋਰ ਦਿਤੇ । ਇਹ ਬਨਵਾਸ ਕਟਦਿਆਂ ਸਿਰਫ਼ ਕਿਤਾਬਾਂ ਹੀ ਉਹਦੇ ਸੰਗ ਤੁਰੀਆਂ ਸਨ, ਉਨ੍ਹਾਂ ਨੇ ਹੀ ਅੰਗ ਸਹੇਲੀਆਂ ਵਾਂਗ ਦੁੱਖਾਂ ਵਿਚ ਵੀ ਉਹਦਾ ਹੱਥ ਫੜੀ ਰਖਿਆ ਸੀ, ਪਰ ਕਦੇ ਕਦੇ ਕਹਿਰ ਵਰਗੀਆਂ ਸ਼ਾਮਾਂ ਵਿਚ ਕੋਈ ਵੀ ਸਹਾਰਾ ਉਹਦੇ ਨਾਲ ਨਹੀਂ ਸੀ ਤੁਰਦਾ...

ਅਜ ਉਹ ਘੜੀ ਪਹਿਲਾਂ ਕਮਰੇ ਵਿਚ ਬੈਠੀ ਪੜ੍ਹ ਰਹੀ ਸੀ ਕਿ ਹੋਣੀ ਦੇ ਹੱਥਾਂ ਨੇ ਬੂਹਾ ਠਕੋਰਿਆ। ਉਹਨੇ ਬੂਹਾ ਖੋਲ੍ਹਿਆ ਤਾਂ ਇਕ ਓਪਰਾ ਮਰਦ ਬਾਹਰ ਖੜ੍ਹਾ ਸੀ, 'ਜੀ ਮੈਂ ਪਾਸ਼ ਹੋਰਾਂ ਨੂੰ ਮਿਲਣਾ ?" ਪਾਸ਼ ਨੇ ਓਪਰੇ ਆਦਮੀ ਵੱਲ ਗਹੁ ਨਾਲ ਤੱਕਿਆ, ਪਰ ਉਹ ਬਿਲਕੁਲ ਹੀ ਬੇਸਿੰਝਾਣਾਂ ਸੀ, ਆਖਿਆ—"ਆਉ ਮੈਂ ਹੀ ਪਾਸ਼ ਹਾਂ, ਲੰਘ ਆਉ !" ਕੋਈ ਅੱਧੀ ਸਦੀ ਹੰਢਾ ਚੁਕਾ ਉਹ ਓਪਰਾ ਮਰਦ ਅੰਦਰ ਲੰਘ ਆਇਆ।

"ਤੁਸੀਂ ਮੈਨੂੰ ਨਹੀਂ ਜਾਣਦੇ।" ਆਉਣ ਵਾਲੇ ਨੇ ਕਿਹਾ। "ਬਸ, ਇਕ ਇਤਫਾਕ ਹੀ ਸਮਝੋ ਕਿ ਮੈਂ ਤੁਹਾਡੇ ਤੱਕ ਆ ਪਹੁੰਚਾ ਹਾਂ।" ਆਉਣ ਵਾਲੇ ਨੇ ਆਪਣੀਆਂ ਐਨਕਾਂ ਲਾਹ ਕੇ, ਕੁੜਤੇ ਦੀ ਕੰਨੀ ਨਾਲ ਸਾਫ਼ ਕੀਤੀਆਂ ਤੇ ਫੇਰ ਲਾਉਂਦਿਆਂ ਆਖਿਆ—"ਅਜ ਤੋਂ ਕੋਈ ਚੌਵੀਂ ਸਾਲ ਪਹਿਲਾਂ ਦੇਵ ਦਾ ਮੇਰੀਆਂ ਬਾਹਾਂ ਵਿਚ ਸਾਹ ਤੋੜ ਜਾਣਾ ਵੀ ਇਕ ਇਤਫ਼ਾਕ ਹੀ ਸੀ।" ਪਾਸ਼ ਦੇਵ ਦਾ ਨਾਂ ਸੁਣ ਕੇ ਪੂਰੀ ਕੰਬ ਗਈ। ਇਕ ਭਰਵਾਂ ਸਾਹ ਲੈਂਦਿਆਂ ਉਹਨੇ ਆਪਣੇ ਆਪ ਨੂੰ ਸੂਤ ਕੀਤਾ। ਓਪਰਾ ਮਰਦ ਕਹਿ ਰਿਹਾ ਸੀ, "ਭੁੱਖ ਹੜਤਾਲ ਦੇ ਬਤਾਲ੍ਹੀਵੀਏ ਦਿਨ ਉਹਦੀ ਹਾਲਤ ਬਹੁਤ ਹੀ ਮਾੜੀ ਹੋ ਗਈ। ਉਸ ਦਿਨ ਮੈਂ ਪਹਿਰੇ ਉਤੇ ਸੀ। ਦੇਵ ਭੋਰਾ ਭੋਰਾ ਕਰਕੇ ਮੇਰੀਆਂ ਅੱਖਾਂ ਅੱਗੇ ਮਰ ਰਿਹਾ ਸੀ। ਮੈਥੋਂ ਜਰਿਆ ਨਾ ਗਿਆ। ਪੁਲਸ ਦੀ ਵਰਦੀ ਦੀ ਪ੍ਰਵਾਹ ਨਾ ਕਰਦਿਆਂ ਮੈਂ ਉਹਦੇ ਸਿਰ੍ਹਾਣੇ ਜਾ ਬੈਠਾ। ਪੁੱਛਿਆ, "ਦੇਵ, ਕੋਈ ਸੇਵਾ ਮੇਰੇ ਲਾਇਕ..." ਉਹ ਕਹਿਣ ਲੱਗਾ "ਬਸ ਦੋਸਤਾ, ਤੇਰੀ ਬੜੀ ਕਿਰਪਾ...ਪੁਲਸ ਦੀ ਵਰਦੀ ਵਿਚ ਹੁੰਦਿਆਂ ਵੀ ਤੂੰ ਹਮਦਰਦ ਬਣਿਆ ਏਂ...ਮਨੁਖਤਾ ਦਾ ਦਰਦ ਰਖਣ ਵਾਲਿਆ ਦੋਸਤਾ ! ਇਕ ਹਿਰਖ ਐ ਕਿ ਤੁਸਾਂ ਇਹ ਹਥਿਆਰ ਸਾਨੂੰ ਬੰਦੀ ਬਣਾਉਣ ਲਈ ਕਿਉਂ ਚੁਕੇ ਨੇਂ ?... ਕਿਉਂ ਨਹੀਂ ਇਨ੍ਹਾਂ ਦਾ ਮੂੰਹ ਉਧਰ ਮੋੜਦੇ ਜੋ ਸਾਡੇ ਦੇਸ਼ ਦੀ ਕਿਸਮਤ ਨਹੀਂ ਬਨਣ ਦੇਂਦੇ...?" ਦੇਵ ਦੀਆਂ ਗੱਲਾਂ ਸੁਣ ਕੇ ਮੇਰੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ। ਮੇਰੇ ਅੱਥਰੂ ਪੂੰਝਦਾ ਉਹ ਬੋਲਿਆ, "ਵੇਖ, ਰੋਣਾਂ ਨਹੀਂ, ਅਸੀਂ ਤਾਂ ਰੋਂਦੀਆਂ ਅੱਖਾਂ ਦੇ ਅੱਥਰੂ ਪੂੰਝਣ ਲਈ ਨਿਕਲੇ ਹਾਂ..." ਫੇਰ ਜੀ ਉਹਦੇ ਅੱਥਰੂ ਤਾਂ ਸੁੱਕ ਗਏ ਮੇਰੇ ਅਜ ਤਕ ਨਹੀਂ ਸੁੱਕੇ। ਮੈਂ ਉਹਦੀ ਲਾਸ਼ ਨਾਲ ਚੰਬੜਿਆ ਧਾਵਾਂ ਮਾਰ ਕੇ ਰੋ ਉਠਿਆ। ਹੋਰਨਾਂ ਕੈਦੀਆਂ ਨੂੰ ਜਦ ਦੇਵ ਦੀ ਮੌਤ ਦਾ ਪਤਾ ਲਗਾ ਤਾਂ ਜੇਲ੍ਹ ਵਿਚ ਨਾਹਰਿਆਂ ਦਾ ਇਕ ਸ਼ੋਰ ਮੱਚ ਉਠਿਆ । ਸਾਰਿਆਂ ਦੀ ਰਲਵੀਂ ਆਵਾਜ਼ ਜੇਲ੍ਹ ਕਰਮਚਾਰੀਆਂ ਨੂੰ ਕਹਿਰ ਵਰਗੀ ਲੱਗੀ। ਉਹ ਦਗੜ ਦਗੜ ਕਰਦੇ ਸਾਡੇ ਵੱਲ ਭੱਜ ਆਏ। ਇਕ ਬਾਗੀ ਦੀ ਲਾਸ਼ ਉਤੇ ਮੈਨੂੰ ਰੋਂਦਿਆਂ ਵੇਖ, ਗੋਰਾ ਸੁਪਰਡੈਂਟ ਖ਼ਤਰੇ ਨੂੰ ਭਾਂਪ ਗਿਆ। ਆਉਂਦਿਆਂ ਹੀ, ਲਾਗੇ ਪਈ ਰਾਈਫਲ ਨੂੰ ਕਾਬੂ ਕਰਦਿਆਂ ਉਹ ਮੇਰੇ ਉਤੇ ਵਰ੍ਹਿਆ, "ਤੈਨੂੰ ਪਤੈ, ਤੂੰ ਇਕ ਖ਼ਤਰਨਾਕ ਬਾਗ਼ੀ ਦਾ ਪੱਖ ਪਾਲ ਰਿਹੈਂ ? ਇਕ ਗ਼ਦਾਰ ਨਾਲ ਹਮਦਰਦੀ ਦੇ ਗੁਨਾਹ ਦੀ ਸਜ਼ਾ ਜਾਣਦੈਂ ?" ਜਿਸ ਗੋਰੇ ਅਫ਼ਸਰ ਦੇ ਸਾਹਮਣੇ ਖਲੋਤਾ ਮੈਂ ਕੰਬ ਜਾਇਆ ਕਰਦਾ ਸੀ, ਉਸ ਦਿਨ ਤਣ ਕੇ ਖਲੋ ਗਿਆ..."

ਬੋਲਦਿਆਂ ਬੋਲਦਿਆਂ ਓਪਰੇ ਮਰਦ ਨੇ ਹਾਉਕੇ ਵਰਗੀ ਉਦਾਸ ਪਾਸ਼ ਨੂੰ ਵੇਖਿਆ। ਉਸਦੀਆਂ ਅੱਖਾਂ ਵਿਚ ਅਤੀਤ ਦਾ ਬੱਦਲ ਫੱਟ ਕੇ ਪਾਣੀਉਂ ਪਾਣੀ ਬਣ ਚੁਕਾ ਸੀ। ਆਪਣੀ ਉਮਰ ਜੇਡਾ ਹੌਕਾ ਲੈਂਦਿਆਂ ਪਾਸ਼ ਨੇ ਆਪਣੇ ਆਪ ਨੂੰ ਸੰਭਾਲਿਆ। ਉਹ ਨਹੀਂ ਸੀ ਚਾਹੁੰਦੀ ਕਿ ਘਰ ਆਏ ਅਨਜਾਣ ਮਹਿਮਾਨ ਅੱਗੇ ਉਹਦੀਆਂ ਅੱਖਾਂ ਵਰ੍ਹ ਪੈਣ। ਉਹ ਚੁੱਪ ਚਾਪ ਉਠੀ ਤੇ ਮਹਿਮਾਨ ਤੋਂ ਉਹਲੇ ਹੋ ਕੇ ਅੱਖਾਂ ਪੂੰਝ ਆਈ। ਪਰ ਰਸੋਈ 'ਚ ਚਾਹ ਬਣਾਉਂਦੀ ਪਾਸ਼ ਦੇ ਸਾਹ, ਮੱਘਦੇ ਸਟੋਵ ਨਾਲੋਂ ਵੀ ਜ਼ਿਆਦਾ ਤੱਤੇ ਸਨ। ਅੱਜ ਵਾਲਾ ਕਹਿਰ ਉਹਦੇ ਕੋਲੋਂ ਝੱਲ ਨਹੀਂ ਸੀ ਹੋਇਆ। ਸ਼ਾਂਤ ਮਨ ਦੇ ਪਾਣੀਆਂ ਵਿਚ ਅੱਜ ਦਾ ਹਾਦਸਾ ਇਕ ਭਾਰਾ ਪੱਥਰ ਬਣ ਕੇ ਡਿੱਗਾ, ਜਿਸ ਨੇ ਹੇਠਲੀ ਤੈਹ ਵਿਚ ਗ਼ਰਕ ਹੋ ਚੁਕੀਆਂ ਕਿੰਨੀਆਂ ਹੀ ਯਾਦਾਂ ਨੂੰ ਲੱਭ ਕੇ ਸਾਹਮਣੇ ਰੱਖ ਦਿੱਤਾ। ਮਨ ਦੇ ਪਾਣੀਆਂ ਵਿਚ ਉਹਨੂੰ ਉਹ ਹਰਫ਼ ਤਰਦੇ ਵਿਖਾਈ ਦਿੱਤੇ ਜਿਹੜੇ ਦੇਵ ਦੀ ਆਖ਼ਰੀ ਚਿੱਠੀ ਵਿਚ ਉਹਦੇ ਲਈ ਬੇਚੈਨੀਆਂ ਦਾ ਵਣਜ ਵਿਹਾਜ ਕੇ ਲਿਆਏ ਸਨ। "ਆਪਣੀ ਪਹਿਲੀ ਉਮਰੇ ਮੈਂ ਸਿਰਫ਼ ਆਜ਼ਾਦੀ ਨੂੰ ਹੀ ਪਿਆਰ ਕੀਤਾ ਸੀ। ਇਸ ਦੀ ਪ੍ਰਾਪਤੀ ਲਈ ਜਦੋਂ ਮੈਂ ਆਪਣੇ ਆਪ ਨੂੰ ਤਗੜਾ ਕਰ ਰਿਹਾ ਸੀ, ਤੂੰ ਵੀ ਆਜ਼ਾਦੀ ਜਿਨੀ ਹੀ ਪਿਆਰੀ ਲਗਣ ਲਗ ਪਈ।...ਤੇ ਅੱਜ, ਮੌਤ ਤੋਂ ਥੋੜ੍ਹੇ ਕਦਮਾਂ ਦੀ ਵਿੱਥ 'ਤੇ ਖੜ੍ਹਾ ਸੋਚਦਾ ਹਾਂ ਮੇਰੀ ਵਾਰ ਕੁਦਰਤ ਏਨੀਂ ਕੰਜੂਸ ਕਿਉਂ ਹੋ ਗਈ ? ਘਟੋ ਘੱਟ ਇਕ ਚੀਜ਼ ਤਾਂ ਦੇ ਛੱਡਦੀ...।"

ਚਾਹ ਉੱਬਲ ਕੇ ਸਟੋਵ ਉਤੇ ਪਈ ਤਾਂ ਪਾਸ਼ ਦੀ ਸੁਰਤ ਮੁੜੀ। ਚਾਹ ਨੂੰ ਗਲਾਸਾਂ ਵਿਚ ਪਾ, ਉਹ ਉਸ ਅਜਨਬੀ ਕੋਲ ਆ ਬੈਠੀ। ਗਲਾਸ ਫੜਾਉਂਦਿਆਂ ਪੁਛਿਆ, "ਫੇਰ ਤੁਹਾਡੇ ਨਾਲ ਕੀ ਵਾਪਰਿਆ ?"

"ਬਸ ਜੀ, ਵਾਪਰਨਾ ਕੀ ਸੀ," ਅਜਨਬੀ ਨੇ ਚਾਹ ਦਾ ਘੁੱਟ ਭਰਦਿਆਂ ਕਿਹਾ, "ਮੈਨੂੰ ਵੀ ਸੱਤ ਸਾਲ ਦੀ ਕੈਦ ਠੁਕ ਗਈ। ਅਜੇ ਕੈਦ ਪੂਰੀ ਵੀ ਨਹੀਂ ਸੀ ਹੋਈ ਕਿ ਦੇਸ਼ ਆਜ਼ਾਦ ਹੋਣ ਨਾਲ ਅਸੀਂ ਵੀ ਆਜ਼ਾਦ ਹੋ ਗਏ।" ਅਜਨਬੀ ਨੇ ਦੋ ਕੁ ਘੁੱਟਾਂ ਹੋਰ ਭਰਦਿਆਂ ਕਿਹਾ, "ਕੁਝ ਕੁ ਸਾਲ ਤਾਂ ਹੋਸ਼ ਈ ਨਾ ਰਹੀ — ਬਸ, ਆਜ਼ਾਦੀ ਦੀ ਖ਼ੁਮਾਰੀ ਵਿਚ ਹੀ ਉੱਡੇ ਫਿਰਦੇ ਰਹੇ।...ਤੇ ਜਦ ਖੁਮਾਰੀ ਲੱਥੀ, ਤਾਂ ਮਹਿਸੂਸ ਹੋਇਆ ਕਿ ਕੋਈ ਬਹੁਤ ਕੁਝ ਨਹੀਂ ਸੀ ਬਦਲਿਆ। ਜਦੋਂ ਅਸੀਂ ਫੇਰ ਆਵਾਜ਼ ਬੁਲੰਦ ਕੀਤੀ ਤਾਂ ਉਹੀ ਪੁਲਸ, ਉਹੀ ਤਸੀਹੇ, ਉਹੀ ਅਦਾਲਤਾਂ ਤੇ ਜੇਲ੍ਹਾਂ...ਕੁਝ ਚਿਰ ਤੋਂ ਮੈਂ ਦੇਵ ਦੀ ਜੀਵਨੀ ਲਿਖਣ ਬਾਰੇ ਸੋਚ ਰਿਹਾ ਹਾਂ। ਇਸੇ ਲਈ ਪੁਛਦਾ ਪੁਛਾਂਦਾ ਉਸ

ਸਕੂਲ ਪਹੁੰਚਾ ਜਿਥੇ ਦੇਵ ਪੜ੍ਹਾਇਆ ਕਰਦਾ ਸੀ। ਸਕੂਲ ਦੇ ਇਕ ਪੁਰਾਣੇ ਟੀਚਰ ਨੇ ਤੁਹਾਡਾ ਨਾਂ ਲੈਂਦਿਆਂ ਦਸਿਆ ਕਿ ਦੇਵ ਦੀ ਨਿੱਜੀ ਜ਼ਿੰਦਗੀ ਬਾਰੇ ਤੁਸੀਂ ਹੀ ਵੱਧ ਤੋਂ ਵੱਧ ਦੱਸ ਸਕਦੇ ਹੋ। ਤੁਹਾਡਾ ਨਾਂ ਮੇਰੇ ਮਨ ਦੀ ਕਿਸੇ ਹਨੇਰੀ ਗੁੱਠੇ ਇਕ ਚਾਨਣ ਵਾਂਗ ਚਮਕਿਆ। ਮੈਨੂੰ ਯਾਦ ਆਇਆ ਕਿ ਇਸ ਨਾਂ ਵਾਲੀਆਂ ਚਿੱਠੀਆਂ ਦੇਵ ਮੇਰੇ ਰਾਹੀਂ ਹੀ ਡਾਕੇ ਪੁਆਇਆ ਕਰਦਾ ਸੀ। ਉਸ ਟੀਚਰ ਤੋਂ ਥਹੁ-ਪਤਾ ਪੁੱਛ ਮੈਂ ਤੁਹਾਡੇ ਤਕ ਅਪੜਿਆ ਹਾਂ..."

ਫੇਰ ਉਹ ਦੇਵ ਦੀਆਂ ਗੱਲਾਂ ਵਿਚ ਅਜਿਹੇ ਜੁੜੇ ਕਿ ਆਲੇ ਦੁਆਲੇ ਦੀ ਵੀ ਸੁੱਧ ਬੁੱਧ ਨਾ ਰਹੀ। ਜਦ ਕਮਰੇ ਅੰਦਰ ਹਨੇਰੇ ਦੇ ਪ੍ਰਛਾਵੇਂ ਡਾਢੇ ਸੰਘਣੇ ਹੋ ਗਏ ਤਾਂ ਪਾਸ਼ ਤ੍ਰਭਕ ਕੇ ਉੱਠੀ ਤੇ ਬੱਤੀ ਬਾਲ ਦਿਤੀ। ਦੋਵੇਂ ਖ਼ਾਲੀ ਗਲਾਸ ਚੁੱਕ ਇਕ ਪਾਸੇ ਰਖਦੀ, ਉਹ ਫੇਰ ਆਪਣੀ ਥਾਂ 'ਤੇ ਆ ਬੈਠੀ।

"ਮੈਂ ਬਹੁਤਾ ਚਿਰ ਰੁਕ ਨਹੀਂ ਸਕਦਾ... ਬੱਸ ਇਕ ਗੱਲ ਹੋਰ...ਤੁਹਾਡੇ ਲਈ ਹੋਵੇਗੀ ਤਾਂ ਔਖੀ ਪਰ ਜੇਲ੍ਹ ਵੇਲੇ ਦੀਆਂ ਲਿਖੀਆਂ ਦੇਵ ਦੀਆਂ ਚਿੱਠੀਆਂ ਮੇਰੀ ਬੜੀ ਮਦਦ ਕਰ ਸਕਦੀਆਂ ਨੇ।"

"ਚਿੱਠੀਆਂ ?" ਪਾਸ਼ ਦੀ ਸੋਚ ਨੂੰ ਇਕ ਝੱਟਕਾ ਲੱਗਾ "ਮੇਰੇ ਕੋਲ ਜੀਉਣ ਲਈ ਕੁਝ ਤਾਂ ਰਹਿਣ ਦਿਉ..." ਕਹਿਣਾ ਚਾਹੁੰਦੀ ਸੀ, ਪਰ ਇਸ ਸੋਚ ਨੂੰ ਸ਼ਬਦ ਨਾ ਜੁੜੇ। ਉਸ ਦੀਆਂ ਉਦਾਸ ਅੱਖਾਂ ਨੇ ਜਦ ਅਜਨਬੀ ਵੱਲ ਤੱਕਿਆ ਤਾਂ ਉਹ ਤ੍ਰਹਿ ਗਈ। ਕੁਰਸੀ ਉਤੇ ਬੈਠਾ ਓਪਰਾ ਆਦਮੀ ਉਹਨੂੰ ਦੇਵ ਦਾ ਹੀ ਬਦਲਿਆ ਰੂਪ ਜਾਪਿਆ। ਉਹੋ ਗੱਲਾਂ, ਉਹੋ ਸਾਦਗੀ ਤੇ ਅੱਖਾਂ ਦੀਆਂ ਡੂੰਘਾਈਆਂ ਵਿਚ ਤਰਦਾ ਲੋਕਾਂ ਲਈ ਉਹੋ ਜਿਹਾ ਹੀ ਦਰਦ। "ਅਸਲ ਵਿਚ ਦੇਵ ਨੇ ਮੈਨੂੰ ਕੋਈ ਚਿੱਠੀ ਲਿਖੀ ਹੀ ਨਹੀਂ।" ਪਾਸ਼ ਨੇ ਇਕ ਡੂੰਘਾ ਸਾਹ ਲੈਂਦਿਆਂ ਕਿਹਾ, "ਉਹਨੇ ਜੋ ਵੀ ਮੈਨੂੰ ਲਿਖਿਆ ਉਹ ਲੋਕਾਂ ਲਈ ਹੀ ਸੀ।" ਤੇ ਉਸ ਨੇ ਟਰੰਕ ਵਿਚੋਂ, ਰੁਮਾਲ ਵਿਚ ਵਲੇਟੀਆਂ ਸਾਰੀਆਂ ਚਿੱਠੀਆਂ ਕੱਢ ਕੇ ਅਜਨਬੀ ਨੂੰ ਫੜਾ ਦਿਤੀਆਂ। "ਲਉ, ਤੁਸੀਂ ਪੜ੍ਹ ਲਉ—ਉਨ੍ਹਾਂ ਚਿਰ ਮੈਂ ਰੋਟੀ ਦਾ ਆਹਰ ਕਰਾਂ।" ਅਜਨਬੀ ਨੇ ਚਿੱਠੀਆਂ ਫੜਦਿਆਂ ਆਪਣੀ ਘੜੀ ਵੱਲ ਵੇਖਿਆ, "ਇਥੋਂ ਅੰਬਰਸਰ ਕਿੰਨੇ ਕੁ ਚਿਰ ਦਾ ਰਾਹ ਹੋਵੇਗਾ ?"

"ਬਸ, ਕੋਈ ਅੱਧੇ ਕੁ ਘੰਟੇ ਦਾ।"

"ਫੇਰ ਤਾਂ ਮੈਨੂੰ ਚੱਲਣਾ ਚਾਹੀਦੈ !"

"ਨ੍ਹਹੀਂ, ਇੰਜ ਨਾ ਸੋਚੋ, ਤੁਸੀਂ ਇਥੇ ਬਗ਼ੈਰ ਝਿੱਜਕ ਦੇ ਰਾਤ ਰਹਿ ਸਕਦੇ ਹੋ।"

"ਰਾਤ ਰਹਿਣ ਦੀ ਗੱਲ ਨਹੀਂ ਪਾਸ਼ੀ, ਪਰ ਮੈਂ ਜ਼ਰੂਰੀ ਕੰਮ ਕਲਕੱਤੇ ਜਾ ਰਿਹਾਂ...ਕਿਸੇ ਵੀ ਤਰ੍ਹਾਂ ਰੁਕ ਨਹੀਂ ਸਕਦਾ।" ਆਪਣਾ ਨਾਂ ਇਕ ਅਜਨਬੀ ਦੇ ਮੂੰਹੋਂ ਏਨੀਂ ਅਪਣੱਤ ਨਾਲ ਸੁਣ ਕੇ ਪਾਸ਼ੀ ਹਿੱਲ ਜਿਹੀ ਗਈ, ਦੇਵ ਵੀ ਬਹੁਤੀ ਵਾਰ ਉਹਨੂੰ ਇੰਜ ਹੀ ਸੱਦਿਆ ਕਰਦਾ ਸੀ।...ਤੇ ਅੱਜ ਇਕ ਲੰਬੇ ਅਰਸੇ ਤੋਂ ਬਾਅਦ ਇਕ ਓਪਰਿਆਂ ਵਾਂਗ ਆਏ ਇਸ ਪ੍ਰਾਹੁਣੇ ਨੇ ਉਸੇ ਨਾਂ ਨੂੰ ਦੁਹਰਾ ਕੇ ਪਾਸ਼ ਨੂੰ ਇਕ ਕਾਂਬਾ ਜਿਹਾ ਛੇੜ ਦਿਤਾ। "ਤੁਸੀਂ ਫੇਰ ਕਦੇ ਆਉਗੇ...?"

"ਇਹ ਫੇਰ ਸਾਡੀ ਜ਼ਿੰਦਗੀ ਵਿਚ ਬਹੁਤ ਘੱਟ ਆਉਂਦੀ ਏ। ਪਤਾ ਨਹੀਂ ਕਿਹੜੀ ਥਾਂ ਮੁਕਾਬਲੇ ਲਈ ਉਡੀਕ ਰਹੀ ਹੋਵੇਗੀ ?" ਪਾਸ਼ ਨੂੰ ਲੱਗਾ ਉਹ ਅਜਨਬੀ ਦੀ ਹਿੱਕ ਨਾਲ ਆਪਣਾ ਸਿਰ ਲਾ ਕੇ, ਉਮਰਾਂ ਦੇ ਡੱਕੇ ਅੱਥਰੂ ਵਗਾ ਛੱਡੇ, ਪਰ ਆਪਣੇ ਉਤੇ ਜ਼ਬਤ ਰਖਦਿਆਂ ਉਹਨੇ ਸਿਰ ਕੰਧ ਨਾਲ ਜੋੜ ਲਿਆ...

"ਨਹੀਂ ਪਾਸ਼ੀ, ਰੋਣਾ ਨਹੀਂ, ਇਹ ਅੱਥਰੂ ਰੋਇਆਂ ਨਹੀਂ...ਮੁਕਾਇਆਂ ਹੀ ਮੁਕਣੇਂ ਨੇ।" ਓਪਰੇ ਮਰਦ ਨੇ ਕਿਹਾ ਤੇ ਕੁਝ ਚੇਤੇ ਆ ਜਾਣ ਵਾਂਗ, ਕਾਹਲੀ ਨਾਲ ਆਪਣੀ ਘੜੀ ਵੱਲ ਵੇਖਿਆ। "ਅੱਛਾ ਮੈਂ ਚਲਦਾਂ... ਕਿਤੇ ਗੱਡੀਉਂ ਨਾ ਖੁੰਝ ਜਾਵਾਂ !" ਅਜਨਬੀ ਨੇ ਬੰਦ ਅੱਖਾਂ ਵਿਚੋਂ ਹੰਝੂ ਕੇਰਦੀ ਪਾਸ਼ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਘੁੱਟ ਲਏ। "ਜਾਣ ਤੋਂ ਪਹਿਲਾਂ ਆਪਣਾ ਨਾਂ ਤਾਂ ਦੱਸਦੇ ਜਾਉ ?" ਪਾਸ਼ ਨੇ ਆਪਣੀ ਮੁਕਦੀ ਜਾਂਦੀ ਸੁਰਤ ਦੀ ਕਿਸੇ ਤੰਦ ਨੂੰ ਹੱਥ ਪਾਉਂਦਿਆਂ ਕਿਹਾ।

"ਨਾਂ ਕੀ ਦੱਸਾਂ ਪਾਸ਼ੀ..."...ਇਸ ਰਾਹ 'ਤੇ ਤੁਰਨ ਵਾਲਿਆਂ ਦਾ ਕੋਈ ਇਕ ਨਾਂ ਨਹੀਂ ਹੁੰਦਾ...ਪਰ ਇਕ ਲੰਮੇ ਅਰਸੇ ਤੋਂ ਦੇਵ ਦੀ ਪੈੜ ਉਤੇ ਤੁਰਦਿਆਂ, ਮੈਂ ਆਪਣੇ ਆਪ ਨੂੰ ਦੇਵ ਹੀ ਸਮਝਣ ਲਗ ਪਿਆ ਹਾਂ।"

ਘਰ ਆਇਆ ਓਪਰਾ ਮਰਦ ਦੇਵ ਬਣ ਕੇ ਚਲਾ ਗਿਆ ਤੇ ਪਾਸ਼ ਡਾਢੀ ਹੀ ਉਦਾਸ ਹੋ ਗਈ : ਛਾਂਗੇ ਹੋਏ ਰੁੱਖ ਵਾਂਗਰਾਂ ਉਦਾਸ। ਸਿਆਲ ਦੀ ਧੁੱਪ ਵਾਂਗਰਾਂ ਉਦਾਸ, ਤੇ ਕਿਸੇ ਹੱਥੀ ਤੋਰੇ ਪਿਆਰੇ ਦੀ ਮੁੜ ਮੁੜ ਆਉਂਦੀ ਯਾਦ ਵਾਂਗਰਾਂ ਉਦਾਸ... 00

---

ਫਰੇਜ਼ਰ ਵੈਲੀ ਈਸਟ ਇੰਡੀਅਨ ਕੈਨੇਡੀਅਨ ਐਸੋਸੀਏਸ਼ਨ ਵਲੋਂ ਫਰੇਜ਼ਰ ਵੈਲੀ ਲੈਂਗੂਏਜ ਸਕੂਲ ਖੁੱਲ ਚੁੱਕਾ ਹੈ ਜਿਸ ਵਿਚ ਪੰਜਾਬੀ ਦੀਆਂ ਕਲਾਸਾਂ ਹਰ ਮੰਗਲਵਾਰ ਅਤੇ ਵੀਰਵਾਰ ਨੂੰ ਸ਼ਾਮ ਦੇ 7 ਤੋਂ 8½ ਵਜੇ ਤੱਕ ਹੁੰਦੀਆਂ ਹਨ। ਇਹ ਕਲਾਸਾਂ ਸੀਡਰ ਹਿਲ ਐਲੀਮੈਂਟਰੀ ਸਕੂਲ ਜੋ ਕਿ 12370 - 98 AVE ਸਰੀ ਵਿਚ ਹੈ।

ਪੰਜਾਬੀ ਪੜ੍ਹਨ ਅਤੇ ਪੜ੍ਹਾਉਣ ਦੇ ਚਾਹਵਾਨ ਹੇਠ ਲਿਖੇ ਫੋਨ ਤੇ ਗੱਲ ਬਾਤ ਕਰਨ। ਇਥੇ ਛੇਤੀ ਹੀ ਧਾਰਮਿਕ ਤੇ ਹਿੰਦੀ ਕਲਾਸਾਂ ਵੀ ਸ਼ੁਰੂ ਹੋ ਰਹੀਆਂ ਹਨ।

ਚਿਤਰੰਜਨ ਸਿੰਘ ਮਾਂਗਟ 594-2254
ਗਿਆਨ ਸਿੰਘ ਗਰਚਾ 584-7013

## ਇਕ ਰੀਪੋਰਟ: ਸਾਊਥਾਲ ਵਿਚ ਸਾਹਿਤਕ ਗੋਸ਼ਟੀ ਤੇ ਕਵੀ ਦਰਬਾਰ

ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰੇਟ ਬ੍ਰਿਟੇਨ) ਦੀ ਸਾਊਥਾਲ ਬਰਾਂਚ ਵਲੋਂ 24 ਸਿਤੰਬਰ'77 ਦਿਨ ਸ਼ਨਿਚਰਵਾਰ ਨੂੰ ਸਾਊਥਾਲ ਵਿਲੀਅਮਜ਼ ਸਕੂਲ ਵਿਚ ਇਕ ਪੰਜਾਬੀ ਸੰਮੇਲਨ ਅਤੇ ਕਵੀ ਦਰਬਾਰ ਕਰਵਾਇਆ ਗਿਆ। ਪਹਿਲੇ ਸਮਾਗਮ ਵਿਚ ਸਾਥੀ ਲੁਧਿਆਣਵੀ ਨੇ "ਅਵਾਸੀਆਂ ਦੀਆਂ ਪੀੜ੍ਹੀਆਂ ਵਿਚ ਪਾੜਾ" ਦੇ ਵਿਸ਼ੇ ਤੇ ਇਕ ਪੇਪਰ ਪੜ੍ਹਿਆ ਜਿਸ ਉਤੇ ਬਾਅਦ ਵਿਚ ਭਰਪੂਰ ਬਹਿਸ ਹੋਈ। ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਅਵਤਾਰ ਜੰਡਿਆਲਵੀ ਨੇ ਕੀਤੀ ਅਤੇ ਪ੍ਰਸਿੱਧ ਨਾਵਲਕਾਰ ਸ: ਜਸਵੰਤ ਸਿੰਘ ਕੰਵਲ ਹੁਰੀਂ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਮੰਚ ਸਕੱਤਰ ਸ੍ਰੀ ਰਣਜੀਤ ਧੀਰ ਸਨ। ਪੇਪਰ ਉਤੇ ਬਹਿਸ ਤੋਂ ਪਹਿਲਾਂ ਸਾਥੀ ਲੁਧਿਆਣਵੀ ਦੀ ਤੀਜੀ ਪੁਸਤਕ "ਉਡਦੀਆਂ ਤਿੱਤਲੀਆਂ ਮਗਰ" ਕੰਵਲ ਹੋਰਾਂ ਨੂੰ ਭੇਟ ਕਰਕੇ ਰਲੀਜ਼ ਕੀਤੀ ਗਈ।

ਬਹਿਸ ਸ਼ੁਰੂ ਕਰਦਿਆਂ ਸ੍ਰੀ ਨਿਰੰਜਨ ਨੂਰ ਨੇ ਕਿਹਾ ਕਿ ਇਹ ਮਸਲਾ ਅੱਜ ਦੀ ਬਹਿਸ ਨਾਲ ਖ਼ਤਮ ਨਹੀਂ ਹੋ ਜਾਂਦਾ ਅਤੇ ਇਸ ਉਤੇ ਲਗਾਤਾਰ ਬਹਿਸ ਚਲਦੀ ਰਹਿਣੀ ਚਾਹੀਦੀ ਹੈ। ਜੰਗ ਸਿੰਘ ਜਾਂਗਲੀ ਦਾ ਵਿਚਾਰ ਸੀ ਕਿ ਸਾਡੇ ਬੱਚੇ ਅੰਗ੍ਰੇਜ਼ਾਂ ਦਾ ਕਲਚਰ ਤਾਂ ਅਪਨਾਉਂਦੇ ਹਨ ਕਿ ਉਨ੍ਹਾਂ ਦੀ ਵੀ ਇਜ਼ਤ ਹੋਵੇ। ਲੈਕਚਰਾਰ ਨਾਵਲਿਸਟ ਮੋਹਨ ਸਿੰਘ ਕੁਕੜਪਿੰਡੀਏ ਨੇ ਕਿਹਾ ਕਿ ਬਰਤਾਨੀਆ ਦਾ ਸਿਸਟਮ ਅਸਲ ਵਿਚ ਹਾਕਮ ਜਮਾਤ ਦੇ ਗੋਰੇ ਕਾਲਿਆਂ ਨੂੰ ਖੜੇ ਨਹੀਂ ਹੋਣ ਦਿੰਦਾ। ਆਰ. ਐਸ. ਸਰਦ ਹੋਰਾਂ ਦਾ ਖ਼ਿਆਲ ਸੀ ਕਿ ਸਾਨੂੰ ਆਪਣੇ ਕਲਚਰ ਬਾਰੇ ਆਪਣੇ ਬੱਚਿਆਂ ਨੂੰ ਦਸਣਾ ਚਾਹੀਦਾ ਹੈ ਕਿ ਇਹ ਕਿਸੇ ਤੋਂ ਘੱਟ ਨਹੀਂ। ਸਿੱਖਿਆ ਪ੍ਰਿੰਸੀਪਲ ਚੌਧਰੀ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਚੰਗੀ ਗੱਲ ਤਾਂ ਇਹ ਸੀ ਕਿ ਇਸ ਸਮਾਗਮ ਵਿਚ ਲੈਕਚਰਾਰਾਂ ਦੀ ਗਿਣਤੀ ਹੋਰ ਵੀ ਵੱਧ ਹੁੰਦੀ ਅਤੇ ਉਨ੍ਹਾਂ ਨੂੰ ਦਸਿਆ ਜਾਂਦਾ ਕਿ ਅਸਲੀ ਮਨੋਰਥ ਸਫ਼ਲਤਾ ਸਥਿਤੀਆਂ ਦਾ ਹੋਣਾ ਚਾਹੀਦਾ ਹੈ। ਜਗਤਾਰ ਢਾਅ ਨੇ ਕਿਹਾ ਕਿ ਭਾਰਤੀ ਅਰਧ ਜਗੀਰੂ ਕਲਚਰ ਹੈ ਅਤੇ ਅਸਲੀ ਵਿਰੋਧਤਾ ਇਹਦੇ ਸਾਮਰਾਜੀ ਕਲਚਰ ਨਾਲ ਟਕਰਾਉ ਦੀ ਹੈ। ਬਲਬੀਰ ਸ਼ਰਮਾ ਦਾ ਵਿਚਾਰ ਸੀ ਕਿ ਇਹੋ ਜਿਹੇ ਪੇਪਰਾਂ ਦੀ ਜ਼ਬਾਨ ਨੂੰ ਸੌਖਾ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸੁਖਦੇਵ ਸਿੱਧੂ ਨੇ ਕਿਹਾ ਕਿ ਬੱਚਿਆਂ ਨੂੰ ਸਤਿਕਾਰ ਦੁਆਉਣ ਲਈ ਸਾਨੂੰ ਸੰਘਰਸ਼ ਕਰਨ ਦੀ ਲੋੜ ਹੈ। ਹਰਭਜਨ ਵਿਰਕ ਦਾ ਵਿਚਾਰ ਸੀ ਕਿ ਬਰਤਾਨੀਆ ਵਿਚ ਹਾਕਮ ਜਮਾਤ ਦਾ ਸਟੈਂਡਰਡ ਵਧਣ ਨਹੀਂ ਦਿਤਾ ਜਾਂਦਾ। ਹਰਦੇਵ ਢੇਸੀ ਦਾ ਵਿਚਾਰ ਸੀ ਕਿ ਸਾਡੇ 'ਤੇ ਰੰਗਦਾਰ ਹੋਣ ਕਰਕੇ ਹੀ ਜ਼ਿਆਦਤੀ ਹੁੰਦੀ ਹੈ। ਚਮਨ ਲਾਲ ਚਮਨ ਨੇ ਕਿਹਾ ਕਿ ਕੀਨੀਆ ਤੋਂ ਆਏ ਪੰਜਾਬੀਆਂ ਨੇ ਅੰਗ੍ਰੇਜ਼ੀ ਕਲਚਰ ਨਹੀਂ ਅਪਨਾਇਆ; ਉਹ ਸਗੋਂ ਭਾਰਤੀ ਕਲਚਰ ਦੇ ਜ਼ਿਆਦਾ ਨੇੜੇ ਹਨ। ਰਣਜੀਤ ਕੰਵਰ ਦਾ ਵਿਚਾਰ ਸੀ ਕਿ ਸਾਨੂੰ ਕਿਸੇ ਨੇ ਨਹੀਂ ਬਲਕਿ ਅਸੀਂ ਆਪਣੇ ਆਪ ਨੂੰ ਗੁੰਮਰਾਹ ਕੀਤਾ ਹੈ। ਇਕਬਾਲ ਚਮਨ ਨੇ ਕਿਹਾ ਕਿ ਸਾਡੀ ਆਪਣੀ ਕਮਿਊਨਿਟੀ ਆਪਸ ਵਿਚ ਹੀ ਵੰਡੀ ਹੋਈ ਹੈ ਅਤੇ ਇਸ ਤਰ੍ਹਾਂ ਅਸੀਂ ਆਪਣੇ ਸਾਧਨ ਨਸ਼ਟ ਕਰਦੇ ਹਾਂ। ਗੁਰਨਾਮ ਸਿੰਘ ਢਿੱਲੋਂ ਦਾ ਇਹ ਮਤ ਸੀ ਕਿ ਲੇਖਕ ਨੂੰ ਪਰਚੇ ਵਿਚ ਦਿਤੀਆਂ ਟੂਕਾਂ ਬਾਰੇ ਪੁਸਤਕਾਂ ਦੇ ਨਾਂ ਅਤੇ ਸਫ਼ੇ ਨੰਬਰ ਦੇਣੇ ਜ਼ਰੂਰੀ ਸਨ। ਨਿਰਮਲ ਸਾਗੀ ਨੇ ਕਿਹਾ ਕਿ ਸਾਡੀ ਪੀੜ੍ਹੀ ਕਿਤੇ ਆਜ਼ਾਦੀ ਬਾਰੇ ਐਵੇਂ ਜ਼ਿਆਦਾ ਫ਼ਿਕਰ ਕਰਦੀ ਹੈ।

ਅਖੀਰ ਵਿਚ ਸਾਥੀ ਲੁਧਿਆਣਵੀ ਨੇ ਬਹਿਸ ਦਾ ਉਤਰ ਦਿਤਾ ਅਤੇ ਪੇਪਰ ਦੀ ਬਹਿਸ ਖ਼ਤਮ ਹੋਈ।

ਦੂਜੇ ਸੈਸ਼ਨ ਵਿਚ ਰੰਗਾ ਰੰਗ ਕਵੀ ਮਾਹੌਲ ਬਣ ਸਜਿਆ। ਦਾਦ ਦੇਣ ਵਾਲਿਆਂ ਨੇ ਹੋਰ ਵੀ ਮਾਹੌਲ ਸੋਹਣਾ ਕਰ ਦਿਤਾ। ਇਸ ਸੈਸ਼ਨ ਵਿਚ ਵੀ ਕੰਵਲ ਹੋਰੀਂ ਸਟੇਜ ਉਤੇ ਪ੍ਰਧਾਨ ਸਾਥੀ ਜਰਨੈਲ ਸਿੰਘ ਨਾਲ ਬੈਠੇ ਸਨ। ਕਵੀ ਦਰਬਾਰ ਵਿਚ ਕਵੀਆਂ ਨੂੰ ਪੇਸ਼ ਜੰਗ ਸਿੰਘ ਜਾਂਗਲੀ ਨੇ ਕੀਤਾ। ਇਸ ਮੌਕੇ ਤੇ ਮੁਖ਼ਤਾਰ ਸਿੰਘ, ਅਵਤਾਰ ਸਾਦਿਕ, ਅਵਤਾਰ ਜੰਦਰ, ਸੰਤੋਖ ਸਿੰਘ ਸੰਤੋਖ, ਹਰਭਜਨ ਵਿਰਕ, ਨਿਰੰਜਨ ਨੂਰ, ਨਿਰਮਲ ਸਾਗੀ, ਰਣਜੀਤ ਕੰਵਰ, ਅਵਤਾਰ ਜੰਡਿਆਲਵੀ ਅਤੇ ਸਾਥੀ ਲੁਧਿਆਣਵੀ ਨੇ ਕਵਿਤਾਵਾਂ ਸੁਣਾਈਆਂ।

ਰਣਜੀਤ ਧੀਰ
ਸਕੱਤਰ: ਸਾਊਥਾਲ ਬਰਾਂਚ
ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰੇਟ ਬ੍ਰਿਟੇਨ)

ਮਿੰਨੀ ਸਚਾਈ ਕਾਲਮ

ਰਾਤ ਦੇ ਢਾਈ ਵਜੇ ਘੰਟਿਆਂ ਦੇ ਸਫ਼ਰ ਤੋਂ ਜਦ ਅਸੀਂ ਹਵਾਈ ਜਹਾਜ਼ ਵਿਚੋਂ ਬਾਹਰ ਨਿਕਲੇ ਤਾਂ ਠੰਢੀ ਠੰਢੀ ਹਵਾ ਨੇ ਆ ਕੇ ਛਾਤੀ 'ਤੇ ਕੁਤਕੁਤਾੜੀਆਂ ਵਰਗਾ ਕੁਝ ਕੀਤਾ। ਜਿਉਂ ਜਿਉਂ ਸਾਹ ਲੈਂਦਿਆਂ ਮੈਂ ਉਸ ਹਵਾ 'ਚ ਰੱਜ ਜਾਣਾ ਚਾਹਿਆ ਤੇ ਕਈਆਂ ਵਰ੍ਹਿਆਂ ਦੀ ਪਿਆਸ ਉਸੇ ਪਲ ਬੁਝਾਉਣੀ ਚਾਹੀ। ਜਹਾਜ਼ ਦੀਆਂ ਪੌੜੀਆਂ ਉਤਰ ਜਦ ਰਨਵੇ 'ਤੇ ਪੈਰ ਧਰਿਆ ਤਾਂ ਧੁਰ ਅੰਦਰ ਦਿਲ 'ਚੋਂ ਆਵਾਜ਼ ਜਿਹੀ ਆਈ 'ਆਹ ਵਰ੍ਹਿਆਂ ਦੀ ਉਡੀਕ ਬਾਅਦ ਪਹੁੰਚ ਹੀ ਗਏ ਜਨਮ ਭੂਮੀ 'ਤੇ'

ਫਿਰ ਜਦੋਂ ਦੋ ਕੁ ਘੰਟਿਆਂ ਬਾਅਦ ਕਸਟਮ ਵਾਲੇ ਨੇ ਖਾਹ ਮਖਾਹ ਸਾਠ ਸੌ ਰੁਪਏ ਦਾ ਕਾਗਜ਼ ਫੜਾ ਮਾਰਿਆ ਤਾਂ ਮੈਂ ਉਥੇ ਹੀ ਜੈਕਿਟ ਦੀ ਜੇਬ 'ਚੋਂ ਡਾਲਰਾਂ ਨੂੰ ਰੁਪਈਆਂ 'ਚ ਬਦਲਾਇਆ। ਤੀਹ ਕੁ ਗਜ਼ ਅੱਗੇ ਜਾ ਕੇ ਕਾਊਂਟਰ ਤੇ ਬੈਠੇ ਕੈਸ਼ੀਅਰ ਨੂੰ ਕਸਟਮ ਦੇ ਪੈਸੇ ਦੇਣ ਲੱਗਾ ਤਾਂ ਉਹਨੇ ਦਸਾਂ ਦਸਾਂ ਦੇ ਪੰਜ ਛੇ ਨੋਟ ਮੋੜ ਕੇ ਮੇਰੇ ਹੱਥ ਫੜਾਏ, "ਇਹ ਨੋਟ ਇਥੇ ਨਹੀਂ ਚੱਲਣੇ ਬਹੁਤ ਫਟ ਗਏ ਹਨ।"

ਅੰਦਰੋਂ ਫਿਰ ਉਹੀ ਆਵਾਜ਼ ਆਈ — ਨਹੀਂ, ਹੁਣ ਪਹੁੰਚੇ ਹਾਂ ਜਨਮ-ਭੂਮੀ ਤੇ।

ਸਾਧੂ
ਬਰਨਬੀ


*BUYING AND SELLING ANY TYPE OF PROPERTY?*

*FOR EXPERIENCED AND PROFESSIONAL ADVICE CONTACT:*

**RES.:**
**524-5276**

**OFF.:**
**872-0131**

ਰੀਅਲ ਇਸਟੇਟ ਵਿਚ
ਤੁਹਾਡੇ ਸਹਾਇਕ:
ਨਾਇਬ ਬਰਾੜ



# NAIB S. BRAR

**MARS REALTY**

**1437 Kingsway**
**Vancouver, B.C.**

# RAI CONSTRUCTION LTD.

**7196 KNIGHT, VANCOUVER, B.C.**

PROFESSIONAL

## In dry walls

**WE DO BASEMENT FINISHING, ALTERATIONS, ADD A ROOM OR RENOVATIONS!**

**Guaranteed Low Rates**
**For Professional Service**
**Contact:**

**ROGER** **321-9711**
**327-1683**

ਕੰਮ ਛੇਤੀ ਤੇ ਤੁਹਾਡੀ ਤਸੱਲੀ ਨਾਲ ਕੀਤਾ ਜਾਂਦਾ ਹੈ।

# U-DAY APPLIANCE REPAIRS

ਕੀ ਘਰ ਵਿੱਚ ਕੋਈ ਬਹੁਤ ਜ਼ਰੂਰੀ ਬਿਜਲੀ-ਮਸ਼ੀਨ:

* ਫਰਿੱਜ
* ਸਟੋਵ
* ਡਰਾਇਰ
* ਵਾਸ਼ਰ

ਖਰਾਬ ਹੋਣ ਕਰਕੇ ਨਾ-ਖ਼ੁਸ਼ ਹੋ? ਮੁਰੰਮਤ ਲਈ ਫ਼ੋਨ ਕਰੋ:

ਉਦੈ ਕੋਰੋਟਾਣਾ
522-7347

FRIDGES, FREEZES, RANGES, WASHERS & DRYERS

• MOST RELIABLE SERVICE •
at
• REASONABLE RATES •

Ask for UDAY KOROTANA — Phone 522-7347

810 - 20th St. — Bus. 521-5517
New Westminster

# COSMOPOLITAN MARRIAGE COUNSELLING

9 East Broadway, Vancouver
V5T 1V4



ਸੱਚਾ ਸਾਥੀ ਮਿਲਣਾ ਬੜੀ ਖ਼ੁਸ਼ਕਿਸਮਤੀ ਹੈ। ਅੱਜ ਹੀ ਇਹ ਸੱਚੀ ਖ਼ੁਸ਼ੀ ਹਾਸਲ ਕਰਨ ਲਈ ਸਾਨੂੰ ਮਿਲੋ। ਅਸੀਂ ਤੁਹਾਡੀ ਜਾਣ ਪਛਾਣ ਅੱਛੇ ਅੱਛੇ ਪਰਵਾਰਾਂ ਦੇ ਲੜਕੇ ਲੜਕੀਆਂ ਨਾਲ ਕਰਵਾ ਸਕਦੇ ਹਾਂ। ਹਰ ਤਰ੍ਹਾਂ ਦੀ ਸੂਚਨਾ ਗੁਪਤ ਰੱਖੀ ਜਾਂਦੀ ਹੈ।

ਫ਼ੋਨ: 876-1825

# Kuldip Singh Jhand

CARS SALESMAN

FOR New & Used CARS • TRUCKS • VANS

ਹਰ ਪਰਕਾਰ ਦੀ ਕਾਰ ਖਰੀਦਨ ਜਾਂ ਟਰੇਡ ਕਰਨੀ ਹੋਵੇ ਤਾਂ ਕੁਲਦੀਪ ਝੰਡ ਨੂੰ ਕਾਰ ਖਰੀਦਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੂਨ ਕਰੋ।



*Kuldip Singh*

**McLENNAN MOTORS LTD.**




Res. 524-4137

Bus. 521-4844

3rd Ave. & Stewardson Way, NEW Westminster

MERCURY

Buying, selling or trading berry farms, homes, and for any other type of real estate need contact:

# Block Bros. Realty Ltd.

**32641 South Fraser Way, Abbotsford**
**853-6411 – Direct Line 524-2215**



SUKHDEV SAHOTA M.A.

RES.: 859-5619

# ਗਰੀਬਾਂ ਦਾ ਖ਼ੂਨ...

# ...ਤੇ ਪੀਣ ਵਾਲੇ ਹਾਕਮ

● ਸਾਡੇ ਗਵੱਰਨਰ ਤੇ ਉਹਨਾਂ ਦਾ ਸਟਾਫ਼ : ...ਗਵੱਰਨਰ ਕੋਲ ਇਕ ਸਕੱਤਰ ਹੁੰਦਾ ਹੈ, ਦੋ ਮੀਤ-ਸਕੱਤਰ, ਇਕ ਨਿੱਜੀ ਸਕੱਤਰ ਅਤੇ ਇਕ ਹੋਰ ਵਾਧੂ ਨਿੱਜੀ ਸਕੱਤਰ। ਇਹਨਾਂ ਦੇ ਨਾਲ ਤਿੰਨ ਸੁਪਰਿੰਨਟੈਨਡੈਂਟ, ਇਕ ਅਕਾਊਂਟਸ ਅਫਸਰ, ਇਕ ਸਟੈਨੋਗ੍ਰਾਫ਼ਰ, ਇਕ ਸਟੈਨੋਟਾਈਪਿਸਟ, ਇਕ ਕਲੱਰਕ ਟਾਈਪਿਸਟ, ਇਕ ਹਿੰਦੀ ਵਾਲਾ ਜ਼ਾਤੀ-ਸਹਾਇਕ, ਤਿੰਨ ਕਲੱਰਕ ਅਤੇ ਤਿੰਨ ਅਕਾਊਂਟਸ ਸਹਾਇਕ। ਜਮਾਂਦਰਾਂ, ਚੋਬ੍ਹਦਾਰਾਂ, ਹਵਾਲਦਾਰਾਂ, ਨਾਇਕਾਂ, ਦਫ਼ਤਰੀਆਂ, ਏਲਚੀਆਂ ਅਤੇ ਚਪੜਾਸੀਆਂ ਦੀ ਗਿਣਤੀ 31 ਹੁੰਦੀ ਹੈ; ਇਹਨਾਂ ਵਿਚੋਂ 18 ਚਪੜਾਸੀ ਹੁੰਦੇ ਹਨ। ਇਹ ਸਿਰਫ਼ ਆਮ ਸਟਾਫ਼ ਦਾ ਬਿਓਰਾ ਹੈ।

ਕਮਪਟ੍ਰੋਲਰ ਦਾ (ਕੰਨਟਰੋਲਰ) ਦਾ ਅਮਲਾ ਫੈਲਾ ਵੱਖਰਾ ਹੁੰਦਾ ਹੈ। ਕਮਪਟ੍ਰੋਲਰ ਦੇ ਨਾਲ ਇਕ ਸਹਾਇਕ ਕਮਪਟ੍ਰੋਲਰ ਹੁੰਦਾ ਹੈ। ਦੋ ਐਡੀਕਾਂਗ (ਅੰਗ-ਸੇਵਕ) ਹੁੰਦੇ ਹਨ। ਕਮਪਟ੍ਰੋਲਰ ਦੇ ਦਫ਼ਤਰ ਵਿਚ ਇਕ ਸੁਪਰਿੰਨਟੈਨਡੈਂਟ ਤੇ ਇਕ ਬਾਗਾਂ ਦਾ ਸੁਪਰਿੰਨਟੈਨਡੈਂਟ ਹੁੰਦਾ ਹੈ। ਇਕ ਮੀਤ-ਸੁਪਰਿੰਨਟੈਨਡੈਂਟ ਹੁੰਦਾ ਹੈ ਜਿਹੜਾ ਅਕਾਊਂਟੈਂਟ ਦਾ ਵੀ ਕੰਮ ਕਰਦਾ ਹੈ। ਇਸ ਦਫ਼ਤਰ ਵਿਚ ਦੋ ਸਹਾਇਕ, ਇਕ ਸੀਨੀਅਰ ਕਲੱਰਕ, ਤਿੰਨ ਜੂਨੀਅਰ ਕਲੱਰਕ, ਇਕ ਮੈਡੀਕਲ ਅਫਸਰ, ਇਕ ਦਾਈ (?), ਦੋ ਕਮਪਾਊਂਡਰ, ਇਕ ਭੋਜਨ-ਪ੍ਰਬੰਧ ਸੁਪਰਿੰਨਟੈਨਡੈਂਟ, ਦੋ ਭੋਜਨ-ਪ੍ਰਬੰਧ ਸਹਾਇਕ ਸੁਪਰਿੰਨਟੈਨਡੈਂਟ, ਇਕ ਕਿਚਨ-ਸੁਪਰਵਾਈਜ਼ਰ, ਇਕ ਮੋਟਰ-ਗਰਾਜ ਕਲੱਰਕ, ਇਕ ਦਫ਼ਤਰੀ, ਪੰਜ ਚਪੜਾਸੀ, ਤਿੰਨ ਏਲਚੀ, ਛੇ ਲਾਸਰਾਂ, ਇਕ ਬਸਤਰ ਪ੍ਰਬੰਧਕ, ਇਕ ਪਾਲਿਸ਼ ਕਰਨ ਵਾਲਾ, ਚਾਰ ਦਰਜ਼ੀ, ਬਾਈ ਮਾਲੀ, ਇਕ ਮੁਖ ਬਾਵਰਚੀ, ਤਿੰਨ ਬਾਵਰਚੀ, ਇਕ ਮੁਖ ਭੋਜਣ ਪਰੋਸਣ ਵਾਲਾ ਤੇ ਤਿੰਨ ਉਹਦੇ ਸਹਾਇਕ, ਅੱਠ ਖਿਦਮਤਗਾਰ, ਇਕ ਭੰਡਾਰੀ, ਤਿੰਨ ਚਾਂਦੀ ਦੇ ਬਰਤਣ ਸਾਫ਼ ਕਰਨ ਵਾਲੇ, ਬਾਰਾਂ ਹਮਾਲ, ਤਿੰਨ ਪਲੇਟਾਂ ਧੋਣ ਵਾਲੇ, ਤਿੰਨ ਟੈਨਿਸ-ਬੁਆਏਜ਼, ਇਕ ਟੈਨਿਸ-ਮਜ਼ਦੂਰ, ਇਕ ਮਲਾਹ, ਦੋ ਧੋਬੀ, ਗਿਆਰਾਂ ਜਮਾਂਦਾਰ, (ਝਾੜੂ ਮਾਰਣ ਵਾਲੇ), ਛੇ ਗੰਦਮੰਦ ਚੁਕਣ ਵਾਲੇ ਮਜ਼ਦੂਰ, ਅੱਠ ਡਰਾਈਵਰ, ਪੰਜ ਕਲੀਨਰ। ਇਸ ਲਿਸਟ ਵਿਚ ਸਕਿਊਰਿਟੀ ਸਟਾਫ਼ ਸ਼ਾਮਿਲ ਨਹੀਂ ਹੈ।

ਇਹ ਸਾਰਾ ਸਟਾਫ਼ ਉਸ ਬੰਦੇ ਦੀ ਕੁਰਸੀ ਦਾ ਮਾਣ ਸਤਿਕਾਰ ਕਾਇਮ ਰਖਣ ਲਈ ਹੈ ਜਿਹੜਾ ਕਦੀ ਕਦੀ ਰਸਮੀ-ਦਿਹਾੜਾਂ ਉਤੇ "ਦਰਸ਼ਨ" ਦੇਂਦਾ ਹੈ। —ਜੇ. ਬੀ. ਕ੍ਰਿਪਲਾਨੀ

● ਰਾਸ਼ਟਰਪਤੀ ਭਵਨ : ਇਸ ਭਵਨ ਦੇ 340 ਕਮਰੇ ਹਨ ਅਤੇ 350 ਏਕੜਾਂ ਵਿਚ ਇਹ ਫੈਲਿਆ ਹੋਇਆ ਹੈ। ਵਿਚ 16 ਏਕੜ ਦਾ "ਮੁਗਲ ਬਾਗ" ਹੈ। ਇਕ ਹਜ਼ਾਰ ਤੋਂ ਵਧੀਕ ਇਸ ਦਾ ਸਟਾਫ਼ ਹੈ ਜਿਹੜਾ 50 ਤੋਂ ਵਧੀਕ ਕਿਸਮਾਂ ਵਿਚ ਵੰਡਿਆ ਹੋਇਆ ਹੈ। ਇਸ ਸਟਾਫ਼ ਵਿਚ ਤਕਰੀਬਨ ਪੰਜਾਹ ਗਜ਼ਟੱਡ ਅਫ਼ਸਰ ਹਨ, 300 ਮਾਲੀ ਤੇ 100 ਚਪੜਾਸੀ ਹਨ। ਰਾਸ਼ਟਰਪਤੀ ਭਵਨ ਦਾ ਆਪਣਾ ਛਾਪਾਖਾਨਾ ਹੈ ਜਿਸ ਵਿਚ ਸੌ ਤੋਂ ਉਪਰ ਬੰਦੇ ਕੰਮ ਕਰਦੇ ਹਨ। ਇਹ ਛਾਪਾਖਾਨਾ ਡੱਬਲ ਸ਼ਿਫਟ 'ਤੇ ਕੰਮ ਕਰਦਾ ਹੈ। ਇਹ ਰਾਸ਼ਟਰਪਤੀ ਦੇ ਭੋਜਣ-ਕਾਰਡ, ਨਿਮੰਤਰਨ-ਕਾਰਡ, ਰੋਜ਼ ਦੀਆਂ ਮੁਲਾਕਾਤਾਂ ਦੀਆਂ ਲਿਸਟਾਂ ਅਤੇ ਭਾਸ਼ਨ ਛਪਦਾ ਹੈ।

ਭੋਜਣ ਵਿਭਾਗ ਵਿਚ ਕੰਮ-ਵੰਡ ਕਲਾ ਦੀ ਸਿਖਰਲੀ ਮਮਟੀ ਤਕ ਪਹੁੰਚੀ ਹੋਈ ਹੈ !! ਇਕ ਬੰਦੇ ਦਾ ਕੰਮ ਸਿਰਫ਼ ਖਾਣੇ ਦੀ ਮੇਜ਼ 'ਤੇ ਚਾਦਰਾਂ ਵਿਛਾਉਣਾ ਹੀ ਹੈ, ਇਕ ਚੀਨੀ ਦੇ ਸਾਜ਼ੋ-ਸਾਮਾਨ ਦਾ ਇੰਨਚਾਰਜ ਹੈ ਅਤੇ ਦੂਜਾ ਛੁਰੀਆਂ ਕਾਂਟਿਆਂ ਦਾ। ਪਲੇਟਾਂ ਆਦਿ ਧੋਣ ਦਾ ਕੰਮ ਕਰਨ ਵਾਲਾ ਵੱਖਰਾ ਮੁਲਾਜ਼ਿਮ ਹੈ ਅਤੇ ਗਲਾਸ ਧੋਣ ਵਾਲਾ ਵੱਖਰਾ। ਪਾਣੀ ਧਾਣੀ ਗਲਾਸਾਂ ਵਿਚ ਪਾਉਣ ਵਾਲਾ ਵੱਖਰਾ ਮੁਲਾਜ਼ਿਮ ਅਤੇ ਪਲੇਟਾਂ ਵਿਚ ਖਾਣਾ ਪਾਉਣ ਵਾਲਾ ਵੱਖਰਾ।

ਇਸ ਮਹਾਨ ਅਮਾਰਤ ਦੇ ਤਕਰੀਬਨ ਹਰ ਦਰਵਾਜ਼ੇ 'ਤੇ ਸਿਕਿਊਰਿਟੀ ਗਾਰਡ ਦਾ ਬੰਦਾ ਤਾਇਨਾਤ ਰਹਿੰਦਾ ਹੈ। ਇਹ ਸੁਰੱਖਿਆ ਦਾ ਕੰਮ ਵੀ ਦੂਹਰਾ ਹੈ—ਫ਼ੌਜ ਵੀ ਕਰਦੀ ਹੈ ਅਤੇ ਪੁਲਸ ਵੀ। ਫ਼ੌਜ ਵੱਖਰੀ ਹੈ—ਪ੍ਰੈਜ਼ੀਡੈਂਟਸ ਬਾਡੀਗਾਰਡ (ਰਾਸ਼ਟਰਪਤੀ ਦੇ ਅੰਗ-ਰਖਿਅਕ)। ਇਸ ਦਾ ਕੁਝ ਹਿੱਸਾ ਲਾਲ ਕਿਲ੍ਹੇ ਵਿਚ ਬੈਠਾ ਰਹਿੰਦਾ ਹੈ।

ਪਿਛਲੇ ਕੁਝ ਸਾਲਾਂ ਵਿਚ ਕੁਝ ਉਪਰੀਆਂ ਉਪਰੀਆਂ ਹੀ ਤਬਦੀਲੀਆਂ ਇਸ ਢਾਂਚੇ ਵਿਚ ਕੀਤੀਆਂ ਗਈਆਂ ਹਨ ਪਰ ਸਮੁਚੇ ਰੂਪ ਵਿਚ ਬਦੇਸੀ ਵਾਇਸਰਾਏ ਵਾਲਾ ਹੀ ਇਹ ਢਾਂਚਾ ਕਾਇਮ ਹੈ। ਭਾਵੇਂ ਰਾਸ਼ਟਰਪਤੀ ਦੀਆਂ ਸਰਗਰਮੀਆਂ ਓਸ ਜ਼ਮਾਨੇ ਦੇ ਵਾਇਸਰਾਵਾਂ ਦਾ ਸੌਵਾਂ ਹਿੱਸਾ ਹੀ ਰਹਿ ਗਈਆਂ ਹਨ, ਪਰ ਰਾਸ਼ਟਰਪਤੀ ਭਵਨ ਦਾ ਸਟਾਫ਼ 1977 ਵਿਚ 1947 ਦੇ ਸਟਾਫ਼ ਨਾਲੋਂ ਵਧ ਗਿਆ ਹੈ।

ਇਸ ਸਾਰੇ ਢਾਂਚੇ ਨੂੰ ਚਲਾਉਣ ਲਈ 70 ਲੱਖ ਦਾ ਖਰਚਾ ਹੈ, ਜਿਸ ਵਿਚੋਂ ਜ਼ਿਆਦਾ ਤਨਖਾਹਾ ਤੇ ਅਲਾਊਂਸਾਂ ਵਿਚ ਜਾਂਦਾ ਹੈ। ਇਸ ਖਰਚੇ ਵਿਚ ਪਬਲਿਕ ਵਰਕਸ ਡੀਪਾਰਟਮੈਂਟ ਵਲੋਂ ਸਾਰੀ ਇਮਾਰਤ ਦੀ ਦੇਖ ਭਾਲ, ਮੁਰੰਮਤ ਸਣੇ ਬਾਗ਼ਾਂ ਦੀ ਸੰਭਾਲ ਆਦਿ 'ਤੇ ਕੀਤੇ ਖਰਚੇ, ਫ਼ੌਜੀ ਯੂਨਿਟ ਦੇ ਖਰਚੇ ਅਤੇ ਛਾਪੇ ਖਾਨੇ ਆਦਿ ਦੇ ਖਰਚੇ ਸ਼ਾਮਿਲ ਨਹੀਂ ਹਨ। ਕੁਲ ਖਰਚਿਆਂ ਦਾ ਜੋੜ ਦੋ ਕਰੋੜ ਰੁਪੈ ਬਣਦਾ ਹੈ।

ਇਸ ਦੇ ਮੁਕਾਬਲੇ 'ਤੇ ਵਲੈਤ ਦੀ ਮਲਕਾ ਉਤੇ ਅੰਗਰੇਜ਼ ਪਬਲਿਕ ਨੂੰ ਸਵਾ ਦਸ ਲੱਖ ਪੌਂਡ (ਤਕਰੀਬਨ 1.84 ਕਰੋੜ ਰੁਪੈ) ਸਾਲ ਦੇ ਖਰਚ ਕਰਨੇ ਪੈਂਦੇ ਹਨ !!

ਰਾਸ਼ਟਰਪਤੀ ਦੀ ਜਾਗੀਰ ਵਿਚ ਸਿਰਫ ਦਿਲੀ ਦਾ ਰਾਸ਼ਟਰਪਤੀ ਭਵਨ ਹੀ ਨਹੀਂ ਹੈ। ਹੈਦਰਾਬਾਦ ਵਿਚ ਪੁਰਾਣੇ ਅੰਗਰੇਜ਼ ਰੈਜ਼ੀਡੈਂਟ ਦਾ ਮਹਲ, ਸ਼ਿਮਲੇ ਕੋਲ ਮਸ਼ੋਬਰਾ ਵਿਖੇ ਵਾਇਸਰਾਵਾਂ ਦਾ ਮਹਲ (ਦਾ ਰੀਟ੍ਰੀਟ), ਸਣੇ ਆਪਣੇ ਪੂਰੇ ਲੰਮ ਚੌੜਾਅ ਦੇ, ਰਾਸ਼ਟਰਪਤੀ ਭਵਨ ਦੇ ਹੀ ਹਿੱਸੇ ਹਨ। ਹੈਦਰਾਬਾਦ ਵਾਲਾ ਮਹਲ ਅਤੇ ਇਸ ਦੇ ਨਾਲ ਲਗਦੀ 70 ਏਕੜ ਦੀ ਜ਼ਮੀਨ ਕਦੀ ਹੀ ਕਿਸੇ ਰਾਸ਼ਟਰਪਤੀ ਨੇ ਨਹੀਂ ਵਰਤੀ, ਪਰ ਇਥੇ ਸੌ ਬੰਦਿਆਂ ਤੋਂ ਵਧੀਕ ਦਾ ਪੱਕਾ ਸਟਾਫ਼ ਰਖਿਆ ਹੋਇਆ ਹੈ। ਅਸਲੀਅਤ ਇਹ ਹੈ ਕਿ ਜਦ ਕਦੀ ਵੀ ਰਾਸ਼ਟਰਪਤੀ ਇਥੇ ਪਧਾਰੇ, ਉਹ ਇਤਨੀ ਵੱਡੀ ਗਿਣਤੀ ਦਾ ਅਮਲਾ ਫੈਲਾ ਨਾਲ ਦਿੱਲੀਓਂ ਹੀ ਲੈ ਕੇ ਆਏ। ਪੁਰਾਣੇ ਪੱਕੇ ਸਟਾਫ਼ ਦਾ ਕੰਮ ਉਹਨੀਂ ਦਿਨੀਂ ਇਸ ਮਹੱਲ ਦੇ ਜਾਲੇ ਲਾਹੁਣਾ ਅਤੇ ਕੋੜ੍ਹ ਕਿਰਲੀਆਂ ਆਦਿ ਨੂੰ ਉਥੋਂ ਭਜਾਉਣਾ ਹੀ ਹੋਇਆ ਕਰਦਾ ਹੈ।

ਮਸ਼ੋਬਰੇ ਰੀਟ੍ਰੀਟ ਵਿਚ 20-30 ਬੰਦੇ ਇਮਾਰਤ ਦੀ ਸੰਭਾਲ ਅਤੇ 130 ਏਕੜਾਂ ਦੀ ਨਾਲ ਲਗਦੀ ਜ਼ਮੀਨ ਦੀ ਦੇਖਭਾਲ ਕਰਦੇ ਹਨ। ਇਸ ਮਹਲ ਵਿਚ ਅਜ ਤਕ ਸਿਰਫ ਇਕ ਹੀ ਪ੍ਰੈਜ਼ੀਡੈਂਟ ਨੇ ਚਰਨ ਪਾਏ ਹਨ ਤੇ ਉਹ ਸੀ ਗੁਰੀ ਸਾਹਿਬ, ਜੋ "ਸ਼ਿਮਲਾ ਗੱਲਬਾਤ" ਲਈ ਪਧਾਰੇ ਸਨ।

—ਦੀ ਟਾਈਮਜ਼ ਆਫ਼ ਇੰਡੀਆ, 14-8-77


# ਲਹੂ ਦੀ ਲੋਅ

ਜਸਵੰਤ ਸਿੰਘ ਕੰਵਲ ਦਾ ਇਹ ਨਵਾਂ ਨਾਵਲ ਖਰੀਦ ਲਵੋ

ਲਿਖੋ: ਪੋਸਟ ਬਾਕਸ 69646
ਸਟੇਸ਼ਨ 'K'
ਵੈਨਕੂਵਰ, ਬੀ.ਸੀ. V5K 4W7

ਕੀਮਤ:- ਸੱਤ ਡਾਲਰ + ਇਕ ਡਾਲਰ ਡਾਕ ਖਰਚ



**SHAKTI**
**GIFT**

**6576 MAIN STREET,**
**VANCOUVER, B.C.**
321-6214

•

•

**Where you can get all types of Real and Artificial Jewellery and all types of oriental designs can be made!**

•

**SALE AND REPAIRS OF WATCHES**

7211 MAIN ST.

Res.: 327-8259









*Specialist in East Indian Jewelry Craftware*

**BHARTI ART JEWELLERS**
**865 Kingsway near Fraser,**
**Vancouver, B. C., Canada V5V 3C2**
**RASIK PAREKH**
Res.: 879-5610
Store: 874-9448

**9.30. A.M. to 7.30. P.M.**



**WE ALSO TAKE WEDDING, PARTY & FAMILY PHOTOS**

ਡੈਲਟਾ ਵਿੱਚ ਗਰੋਸਰੀ ਦੀ ਭਾਰੀ ਦੁਕਾਨ

# ਪੰਜਾਬ ਫੂਡ ਸਟੋਰ

9435 ਸਕਾਟ ਰੋਡ, ਡੈਲਟਾ

ਜਿੱਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

25 ਡਾਲਰ ਦੀ ਗਰੋਸਰੀ ਨਾਲ 6 ਕੱਪ ਫਰੀ
50 ਡਾਲਰ ਦੀ ਗਰੋਸਰੀ ਨਾਲ 12 ਕੱਪ ਫਰੀ

ਹੋਰ ਜਾਣਕਾਰੀ ਲਈ
ਦਰਸ਼ਨ ਦਿਓ ਜਾਂ ਫੋਨ ਕਰੋ!

ਫੋਨ: 588-4911



Are you looking for

# Miller's BODY SHOP LTD.

COMPLETE COLLISION REPAIRS

I.C.B.C. CLAIMS – 6 Days a Week Service

OPENS: 8.30 TO 8.00
COURTESY CARS AVAILABLE
LOW RATES
GUARANTEED WORK

Phone: 435-3133
SAM (SEWA) JEERH

5792 Beresford Street
South Burnaby, B.C.

8% Rebate on ICBC Claim. (Labour Only)

Here we are






# GABA TRAVELS



**4270 FRASER STREET,
VANCOUVER
PHONE: 876-0812
or 876-8121
(RAVINDER GABA)**

*We have special groups going to INDIA, FIJI, HONGKONG and CHARTERED FLIGHTS to London.*

Indian, Fijian and Canadian Passports are also arranged.

For your friends or relatives coming from India as visitors or immigrants, we have the following offices in India to serve you better:

1. NURMAHAL (Jullundur) phone 49.
2. ROXY HOTEL BLDG. (Jullundur) phone P.P. 5370 and 7018.
3. JANDIALA (Jullundur).
4. 5-L Connought Circus, New Delhi Phone 46459

**Contact: Mr. Manohar Lal Gaba)**



ਸਾਡੇ ਪਾਸੋਂ ਹੇਠ ਲਿਖੀਆਂ ਵਸਤਾਂ ਮਿਲਦੀਆਂ ਹਨ:

ਹੈਂਡ ਬੈਗਜ਼
ਚਮੜੇ ਦੀਆਂ ਵਸਤਾਂ
ਚਾਂਦੀ ਤੇ ਪਿੱਤਲ ਦੀਆਂ
ਕਲਾ-ਕਿਰਤਾਂ
ਲੱਕੜ ਦੀਆਂ ਕਿਰਤਾਂ

ਭਾਰਤੀ ਗਰੋਸਰੀ

ਬੈੱਡ ਰੂਮ ਸੂਟੀਸ
ਚੈਸਟਰਫੀਲਡਜ਼
ਕੌਫੀ ਟੇਬਲ
ਡਿਨੈੱਟ ਸੈੱਟਸ



ਜੋਗਿੰਦਰ ਸਿੰਘ ਸਰਾਂ

# SURAN ENTERPRISES LTD.

**IMPORTERS – RETAILERS**

**33765 Essendene Avenue,
Abbotsford, B.C.
853-4971**

Prop.: Joginder Singh Suran Res. 859-3574

**FOR ANY KIND OF**

# PHOTOGRAPHY

**REMEMBER**

# SANDEEP STUDIO

**CALL**

**HARCHARAN SINGH JHUTEE**

**435-3634**

---

## NEED ANY KIND OF MORTGAGE

**WHY PAY A BONUS?**

**LOW BROKERAGE FEES**

1st from 10¼%, 2nd from 12½%. Builders Interim at 17%.

Apartments: 1st 10½%, 2nd 13%.

We serve investor clients.

Existing mortgages and agreements for sale purchased.

ਅੱਜ ਤੋਂ ਬਾਅਦ ਤੁਹਾਨੂੰ ਪੈਸੇ ਬਾਰੇ ਕਿਸੇ ਕਿਸਮ ਦਾ ਫ਼ਿਕਰ ਕਰਨ ਦੀ ਲੋੜ ਨਹੀਂ ਤੁਸੀਂ ਕੋਈ ਚੀਜ਼ ਖਰੀਦਣੀ ਹੈ, ਘਰ ਦੀ ਮੁਰੰਮਤ ਕਰਨੀ ਹੈ ਜਾਂ ਹੋਰ ਕਿਸੇ ਕਿਸਮ ਦਾ ਖਰਚ ਤੁਹਾਡੇ ਸਿਰ ਖੜਾ ਹੈ ਤਾਂ ਅਸੀਂ ਤੁਰੰਤ ਹੀ ਤੁਹਾਡੀ ਸਮੱਸਿਆ ਹੱਲ ਕਰ ਸਕਦੇ ਹਾਂ।

Call Mrs. T. Sandhu 271-1962,
736-2551 (24 hrs.)

## HAMPSHIRE INVESTMENTS LTD.

---

*India's Famous*

**TANDOORI CHICKEN**

**EAT IN OR TAKE OUT!**

# RAJA RESTAURANT

**(Licensed)**

**7271 MAIN ST., VANCOUVER, B.C.**

FOR PARTY CATERING, HOME PARTIES AND BANQUETS, CONTACT

**Balwant**

**325-5014**

---

**THINKING OF TRAVEL?**

**WE CAN SAVE YOU MONEY, TIME AND TROUBLE**

**GROUPS – CHARTER – EXCURSION**

**PAY LATER**

**SPECIAL IMMIGRANT FARES AVAILABLE**

# GOYAL TRAVELS

**4160 FRASER STREET, VANCOUVER 10, B.C.**
**PHONE: 872-7658**

ASSOCIATE OFFICES:

1. Opposite Nehru Garden, Jullundur City
2. Near Courts Moga (India) – Phone 2798
3. Near Courts Jagraon (India) – Phone 252
4. Bhagat Singh Chowk, Sadar Bazaar Barnala, (India). Phone 555

---

# Litt Enterprises Limited in Kamloops

ਤੁਹਾਡੇ ਜਾਣੇ ਪਛਾਣੇ ਭਰਾ ਗੁਰਪਾਲ ਸਿੰਘ ਲਿੱਟ ਕੋਲੋਂ ਤੁਹਾਨੂੰ
● ਕਾਰਾਂ ਵਿੱਚ ਲਾਉਣ ਵਾਲੇ ਟੇਪ ਡੈੱਕ ● C.B. RADIO ਅਤੇ
ਟੇਪ ਰੀਕਾਰਡ ● ਪੰਜਾਬੀ ਤੇ ਹਿੰਦੀ ਦੇ ਗਾਣਿਆਂ ਅਤੇ
ਗੁਰਬਾਣੀ ਦੀਆਂ 8 ਟਰੈਕ ਟੇਪਾਂ ● ਸੀਰੋਂ ਦੀਆਂ ਪਗੜੀਆ
● ਇੰਗਲੈਂਡ ਦੇ ਬਣੇ ਬੱਚਿਆਂ ਦੇ ਕੱਪੜੇ, ਔਰਤਾਂ ਦੇ ਸੂਟ,
ਸਾੜ੍ਹੀਆਂ, ਜੈਕਟਾਂ ਅਤੇ ਪਰਸ ਆਦਿਕ
ਬਹੁਤ ਹੀ ਸਸਤੇ ਰੇਟਾਂ ਤੇ ਮਿਲ ਸਕਦੇ ਹਨ।

**GURPAL SINGH LITT**

**248 Holly Ave., Kamloops**

**Phone: 376-1578**

---

# KR — TV

SALES – SERVICE – RENTALS

**TV – Black and White, Color, Stereo, Tape Recorders**

Phone: 321-6015
6674 MAIN STREET

* Philips, Fleetwood, Hitachi ਤੇ Electrophonic ਦੇ Franchised Dealer.
* ਗੁਰਬਾਣੀ ਅਤੇ ਹਿੰਦੀ ਪੰਜਾਬੀ ਗਾਣਿਆਂ ਦੀਆਂ ਟੇਪਾਂ

# HIMALAYA RESTAURANT LTD.

(LICENSED PREMISES)

## 2313 Main St., Vancouver, B.C.

## 876-2911, 327-1888

**WHERE YOU CAN GET:**

**Lamb Curry, Beef Curry, Prawn Curry, Goat Meat (Special), Vegetables, Samosas, Puree Chhollay, Lassi, Daheen (Curd), Gulab Jaman, Barfee, Baesan, Gajrela, Ladoo, Jalebi, Petha and many more.**

**FULL DINNER Vegetarian $2^{95}$ Non-Vegetarian $3^{95}$**

**LUNCH:- Special**

## DIWALI SPECIAL



ਜਗਮੋਹਨ ਸਿੰਘ ਪਾਬਲਾ

ਪੰਜ ਪੌਂਡ ਮਠਿਆਈ ਨਾਲ ਇਕ ਪੈਕਟ
ਫੈਣੀਆਂ ਦਾ ਫਰੀ

ਕਰਵਾ ਚੌਥ ਦੇ ਵਰਤ ਲਈ
ਸਪੈਸ਼ਲ ਫੈਣੀਆਂ



ਕੇਵਲ ਸਿੰਘ ਪਾਬਲਾ
ਭਾਰਤੀ ਮਠਿਆਈਆਂ ਅਤੇ
ਭਾਰਤੀ ਖਾਣਿਆਂ ਦੇ ਮਾਹਿਰ

ਦੀਵਾਲੀ ਦੇ ਤਿਉਹਾਰ ਤੇ ਹਜ਼ਾਰਾ ਸਿੰਘ ਪਾਬਲਾ ( 50 ਸਾਲਾਂ ਦੇ ਤਜਰਬੇਕਾਰ, ਮਠਿਆਈਆਂ ਦੇ ਮਾਸਟਰ) ਦੇ ਹੱਥਾਂ ਦੀਆਂ ਬਣੀਆਂ ਹੋਈਆਂ ਸਵਾਦਿਸਤ ਮਠਿਆਈਆਂ ਦੇ ਆਰਡਰ ਹੁਣ ਤੋਂ ਹੀ ਬੁੱਕ ਕਰਵਾਓ।

ਵਿਆਹ ਸ਼ਾਦੀਆਂ ਸਮੇਂ ਕਿਸੇ ਵੀ ਕਿਸਮ ਦੀ ਮਠਿਆਈ ਬਨਾਉਣ ਲਈ ਮਿਲੋ ਜਾਂ ਫੂਨ ਕਰੋ ਭਾਈ ਕੇਵਲ ਸਿੰਘ ਪਾਬਲਾ ਦੇ ਹੱਥ ਦੀਆਂ ਬਣੀਆਂ ਮਠਿਆਈਆਂ ਦੀ ਹਰ ਥਾਂ ਸ਼ਲਾਘਾ ਕੀਤੀ ਜਾਂਦੀ ਹੈ। ਤੁਸੀਂ ਵੀ ਉਨ੍ਹਾਂ ਦੇ ੨6 ਸਾਲ ਦੇ ਤਜਰਬੇ ਦਾ ਲਾਭ ਉਠਾਓ।

# WATNO DŪR

14768 HALSTEAD PLACE
SURREY, B.C. , V3R 6S5



## *NOW—A LIFE INSURANCE POLICY THAT GUARANTEES EVERY CENT OF YOUR MONEY BACK*

***anytime you ask — after premiums have been paid and the policy has been in force for two years.***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.

ਹੁਣ ਤੁਸੀਂ ਨਵੀਂ ਕਿਸਮ ਦੀ ਵਧੀਆ ਇਨਸ਼ੋਅਰੈਂਸ ਪਾਲਿਸੀ ਖਰੀਦ ਸਕਦੇ ਹੋ, ਜਿਸ ਰਾਹੀਂ ਕਿਸੇ ਵੀ ਫੈਮਿਲੀ ਮੈਂਬਰ ਦਾ 50,000 ਡਾਲਰ ਤੱਕ ਲਾਈਫ ਇਨਸ਼ੋਅਰੈਂਸ ਹੋ ਸਕਦਾ ਹੈ ਤੇ ਸਿਰਫ਼ ਦੋ ਸਾਲ ਪਾਲਿਸੀ ਚਾਲੂ ਰੱਖਕੇ ਤੁਸੀਂ ਉਸਤੋਂ ਬਾਅਦ ਜਦੋਂ ਵੀ ਚਾਹੋ ਆਪਣੇ ਸਾਰੇ ਪੈਸੇ ਇਕੱਠੇ ਵਾਪਸ ਲੈ ਸਕਦੇ ਹੋ!

ਇਹ ਪਾਲਿਸੀ ਕੈਨੇਡਾ ਵਿੱਚ ਪਹਿਲੀ ਵਾਰੀ ਚਾਲੂ ਹੋਈ ਹੈ।

***For further information please feel free to call any one of us without obligation:***



**JAGJIT SINGH SIDHU M.A.**
Unit Supervisor
Res.: 324-2493



**MOHAMMED K. HUSSEIN**
Sales Representative
324-2683/873-8915



PRIT PAL S. NARWAL
B.A., LL.B.
Sales Representative
874-3276



**RUPINDER AZAD M.A.**
Unit Supervisor
Res. 430-1924

## SEABOARD LIFE INSURANCE COMPANY

**202 - 4640 No. 3 rd.**
**Richmond, B.C.**
**Office 273-2961**



WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.